

# ਨਿੱਜੀ ਅਤੇ ਪੀੜ੍ਹੀਆਂ ਦੇ ਬੰਧਨਾਂ ਨੂੰ ਤੋੜਨਾ

ਆਸ਼ਿਸ਼ ਰਾਏਚੂਰ

**ਮੁਫ਼ਤ ਵੰਡਣ ਦੇ ਲਈ**
ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰੀਚ ਬੈਂਗਲੋਰ, ਭਾਰਤ ਵੱਲੋਂ ਛਾਪੀ ਅਤੇ ਵੰਡੀ ਗਈ।
ਮੌਜੂਦਾ ਸੰਸਕਰਣ: 2025

**ਸੰਪਰਕ ਕਰਨ ਦੇ ਲਈ ਜਾਣਕਾਰੀ**
All Peoples Church & World Outreach,
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

**Phone**: +91-80-25452617
**Email: bookrequest@apcwo.org**
**Website: apcwo.org**

ਜਿੱਥੇ ਦੱਸਿਆ ਨਾ ਗਿਆ ਹੋਵੇ, ਬਾਈਬਲ ਦੇ ਸਭ ਹਵਾਲੇ ਬਾਈਬਲ ਸੋਸਾਇਟੀ ਆਫ਼ ਇੰਡੀਆ (BSI) ਦੇ ਪੁਰਾਣੇ ਸੰਸਕਰਣ (OV) ਦੀ ਪੰਜਾਬੀ ਬਾਈਬਲ ਤੋਂ ਇਜਾਜ਼ਤ ਲੈ ਕੇ ਵਰਤੇ ਗਏ ਹਨ। ਸਭ ਹੱਕ ਰਾਖਵੇਂ ਹਨ।

**ਵਿੱਤੀ ਸਾਂਝੇਦਾਰੀ**
ਇਸ ਪ੍ਰਕਾਸ਼ਨ ਨੂੰ ਮੁਫਤ ਵੰਡਣ ਦਾ ਕੰਮ ਆਲ ਪੀਪਲਜ਼ ਚਰਚ ਦੇ ਮੈਂਬਰਾਂ, ਸਾਂਝੇਦਾਰਾਂ ਅਤੇ ਦੋਸਤਾਂ ਦੇ ਵਿੱਤੀ ਸਹਿਯੋਗ ਨਾਲ ਸੰਭਵ ਹੋ ਪਾਇਆ ਹੈ। ਜੇ ਤੁਸੀਂ ਇਸ ਪ੍ਰਕਾਸ਼ਨ ਦੇ ਮੁਫ਼ਤ ਵੰਡੇ ਜਾਣ ਦੁਆਰਾ ਬਰਕਤ ਪਾਈ ਹੈ, ਤਾਂ ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਤੁਸੀਂ ਵੀ ਆਲ ਪੀਪਲਜ਼ ਚਰਚ ਦੇ ਇਸ ਪ੍ਰਕਾਸ਼ਨ ਦੀ ਮੁਫ਼ਤ ਛਪਾਈ ਅਤੇ ਇਸਦੇ ਵੰਡੇ ਜਾਣ ਵਿੱਚ ਸਹਿਯੋਗੀ ਬਣੋ। ਆਪਣਾ ਸਹਿਯੋਗ ਦੇਣ ਲਈ, ਕਿਰਪਾ ਕਰਕੇ **apcwo.org/give** ਜਾਂ ਇਸ ਕਿਤਾਬ ਦੇ ਆਖ਼ਰੀ ਪੰਨੇ ਉੱਤੇ ਦਿੱਤੇ ਗਏ ਪਤੇ "ਆਲ ਪੀਪਲਜ਼ ਚਰਚ ਨਾਲ ਸੰਪਰਕ ਕਰਕੇ ਸਹਿਭਾਗੀ ਬਣੋ।" ਤੁਹਾਡਾ ਧੰਨਵਾਦ ਹੋਵੇ!

**ਮੁਫ਼ਤ ਸਾਧਨਾਂ ਸੰਬੰਧੀ ਵੈੱਬਸਾਈਟਾਂ**
**ਪ੍ਰਚਾਰ:** apcwo.org/sermons | **ਪੁਸਤਕਾਂ:** apcwo.org/books | **ਚਰਚ ਐਪ:** apcwo.org/app
**ਬਾਈਬਲ ਕਾਲਜ:** apcbiblecollege.org | **ਈ-ਲਰਨਿੰਗ:** apcbiblecollege.org/elearn
**ਕਾਊਂਸਲਿੰਗ:** chrysalislife.org | **ਸੰਗੀਤ:** apcmusic.org
**ਸੇਵਕਾਂ ਦੀ ਸੰਗਤੀ:** pamfi.org | **ਏ ਪੀ ਸੀ ਵਰਲਡ ਮਿਸ਼ਨਾਂ:** apcworldmissions.org

(Punjabi—Breaking Personal and Generational Bondages)

# ਨਿੱਜੀ ਅਤੇ ਪੀੜ੍ਹੀਆਂ ਦੇ ਬੰਧਨਾਂ ਨੂੰ ਤੋੜਨਾ

# ਵਿਸ਼ਾ-ਸੂਚੀ


ਜਾਣ-ਪਛਾਣ

1. ਪੀੜ੍ਹੀਆਂ ਦਾ ਬੰਧਨ ਕੀ ਹੈ? 1

2. ਕੁਧਰਮ ਅਤੇ ਪਾਪ 8

3. ਪਰਿਵਾਰਕ ਬੰਧਨ ਕਿਵੇਂ ਬਣਦੇ ਹਨ? 12

4. ਨਿੱਜੀ ਅਤੇ ਪਰਿਵਾਰਕ ਬੰਧਨਾਂ ਨੂੰ ਪਛਾਣਨਾ 18

5. ਅਸੀਂ ਇਸ ਤੋਂ ਕਿਵੇਂ ਅਜ਼ਾਦ ਹੋ ਸਕਦੇ ਹਾਂ? 21

6. ਅਕਸਰ ਪੁੱਛੇ ਜਾਣ ਵਾਲੇ ਸਵਾਲ 28

7. ਤਿਆਰੀ 36

8. ਪ੍ਰਾਰਥਨਾ 37

# ਜਾਣ-ਪਛਾਣ

ਕੁਝ ਸਮੱਸਿਆਵਾਂ ਜਿਨ੍ਹਾਂ ਦਾ ਲੋਕਾਂ ਨੂੰ ਸਾਹਮਣਾ ਕਰਨਾ ਪੈਂਦਾ ਹੈ, ਉਨ੍ਹਾਂ ਦੀ ਸ਼ੁਰੂਆਤ ਪਿੱਛਲੀਆਂ ਪੀੜ੍ਹੀਆਂ ਵਿੱਚ ਹੋ ਸਕਦੀ ਹੈ। ਇਨ੍ਹਾਂ ਵਿੱਚੋਂ ਕੁਝ ਸਮੱਸਿਆਵਾਂ ਕਿਸੇ ਅਜਿਹੇ ਵਿਅਕਤੀ ਕਰਕੇ ਹੋ ਸਕਦੀਆਂ ਹਨ, ਜਿਸ ਨੇ ਪਿੱਛਲੀ ਪੀੜ੍ਹੀ ਵਿੱਚ ਪਾਪੀ ਜੀਵਨ ਬਤੀਤ ਕੀਤਾ ਹੈ ਜਾਂ ਸ਼ਤਾਨੀ ਕੰਮਾਂ ਵਿੱਚ ਰੁੱਝਿਆ ਹੋਇਆ ਹੋ ਸਕਦਾ ਹੈ। ਉਦਾਹਰਣ ਦੇ ਲਈ, ਹੋ ਸਕਦਾ ਹੈ ਕਿ ਕਿਸੇ ਪਰਿਵਾਰ ਵਿੱਚ ਇੱਕ ਦਾਦਾ ਨੇ ਕੰਗਾਲੀ ਦਾ ਅਨੁਭਵ ਕੀਤਾ ਹੋਵੇ ਅਤੇ ਇਹ ਉਸ ਦੇ ਪੁੱਤਰਾਂ ਵਿੱਚੋਂ ਇੱਕ ਬੇਟੇ ਤੇ ਆ ਗਿਆ ਹੋਵੇ। ਇਸ ਬੇਟੇ ਦੇ ਬੱਚੇ ਹਨ ਅਤੇ ਉਸ ਦੇ ਬੱਚੇ ਵੀ ਕੰਗਾਲ ਹੋ ਗਏ ਹਨ। ਪੀੜ੍ਹੀ ਦਰ ਪੀੜ੍ਹੀ, ਇੱਕ ਜਾਂ ਵਧੇਰੇ ਲੋਕ ਇਸ ਸਮੱਸਿਆ ਤੋਂ ਪ੍ਰਭਾਵਿਤ ਹੋ ਸਕਦੇ ਹਨ।

ਇੱਕ ਹੋਰ ਉਦਾਹਰਣ ‘ਤੇ ਵਿਚਾਰ ਕਰੋ, ਜਿੱਥੇ ਦਾਦਾ ਬਹੁਤ ਸ਼ਰਾਬ ਪੀਂਦਾ ਸੀ ਅਤੇ ਉਸ ਦਾ ਪੁੱਤਰ ਵੀ ਸ਼ਰਾਬੀ ਬਣ ਗਿਆ ਅਤੇ ਬਾਅਦ ਵਿੱਚ ਇਹ ਸਮੱਸਿਆ ਤੀਜੀ ਪੀੜ੍ਹੀ ਵਿੱਚ ਵੀ ਆ ਗਈ ਹੋਵੇ। ਇੱਕ ਅਜਿਹਾ ਨਮੂਨਾ ਚੱਲਿਆ ਆ ਰਿਹਾ ਹੈ, ਜਿੱਥੇ ਉਹ ਸਾਰੇ ਇੱਕੋ ਕਿਸਮ ਦੀ ਸਮੱਸਿਆ ਨਾਲ ਜੂਝ ਰਹੇ ਹਨ। ਪਰਿਵਾਰਕ ਪੀੜ੍ਹੀ ਵਿੱਚ ਕੁਝ ਗ਼ਲਤ ਹੋ ਸਕਦਾ ਹੈ—ਨਾ ਸਿਰਫ ਉਹ ਵਿਅਕਤੀ ਜੋ ਜੱਦੋ-ਜਹਿਦ ਕਰ ਰਿਹਾ ਹੈ, ਜਿਸ ਦੇ ਕਾਰਨ ਇਸ ਕਿਸਮ ਦੇ ਫਲ ਨਿਕਲ ਰਹੇ ਹਨ। ਅਜਿਹੀਆਂ ਵਾਰ-ਵਾਰ ਆਉਣ ਵਾਲੀਆਂ ਸਮੱਸਿਆਵਾਂ ਦਾ ਕੀ ਕਾਰਣ ਹੋ ਸਕਦਾ ਹੈ-ਚਾਹੇ ਉਹ ਵਿਹਾਰ ਹੋਵੇ, ਜੀਵਨ ਦੇ ਤਜ਼ਰਬੇ ਹੋਣ, ਆਫ਼ਤਾਂ ਆਦਿ ਹੋਣ? ਕੀ ਇਨ੍ਹਾਂ ਸਮੱਸਿਆਵਾਂ ਦਾ ਕੋਈ ਆਤਮਿਕ ਕਾਰਣ ਹੈ, ਜੋ ਪੀੜ੍ਹੀ ਤੋਂ ਪੀੜ੍ਹੀ ਤੱਕ ਚੱਲਦੀਆਂ ਰਹਿੰਦੀਆਂ ਹਨ? ਜੇ ਅਜਿਹਾ ਹੈ, ਤਾਂ ਕਿਸੇ ਵਿਅਕਤੀ ਨੂੰ ਡੂੰਘਾਈ ਵਿੱਚ ਜਾਣ ਦੀ ਜ਼ਰੂਰਤ ਹੈ, ਨਾ ਕਿ ਸਿਰਫ਼ ਉਸ ਦੇ ਲੱਛਣਾਂ ‘ਤੇ ਵਿਚਾਰ ਕਰਨ ਦੀ। ਅਜਿਹੇ ਵਿਅਕਤੀ ਨੂੰ ਉਹ ਮੂਲ ਕਾਰਣ ਲੱਭਣ ਦੀ ਲੋੜ ਹੁੰਦੀ ਹੈ ਜੋ ਸੁਭਾਅ ਵਿੱਚ ਆਤਮਿਕ ਹੋ ਸਕਦਾ ਹੈ।

## ਪੀੜ੍ਹੀਆਂ ਦੇ ਚੱਲਦੇ ਆ ਰਹੇ ਬੰਧਨਾਂ ਦੀਆਂ ਉਦਾਹਰਣਾਂ

ਕੁਝ ਸਮੱਸਿਆਵਾਂ ਜਿਨ੍ਹਾਂ ਦਾ ਅਸੀਂ ਸਾਹਮਣਾ ਕਰਦੇ ਹਾਂ, ਉਹ ਪੀੜ੍ਹੀ ਦੇ ਬੰਧਨਾਂ

ਦੇ ਕਾਰਨ ਹੋ ਸਕਦੀਆਂ ਹਨ—ਪਾਪੀ ਵਿਹਾਰ ਅਤੇ ਜੀਵਨ-ਸ਼ੈਲੀ, ਜਿਵੇਂ ਕਿ ਝੂਠ ਬੋਲਣਾ, ਧੋਖਾ, ਕ੍ਰੋਧ, ਹਿੰਸਾ, ਜੂਆ ਖੇਡਣਾ, ਸ਼ਰਾਬ ਪੀਣਾ, ਨਸ਼ਿਆਂ ਦੀ ਆਦਤ, ਵਿਭਚਾਰ, ਅਨੈਤਿਕਤਾ, ਵਿਨਾਸ਼ਕਾਰੀ ਸ਼ਖਸ਼ੀਅਤ, ਬੁਰਾਈ, ਖ਼ੁਦਕੁਸ਼ੀ ਦੀ ਆਦਤ ਅਤੇ ਹਰ ਸਮੇਂ ਕੰਮ ਕਰਨ ਦੀ ਆਦਤ, ਆਦਿ। ਇਹ ਸੂਚੀ ਹੋਰ ਵੀ ਲੰਬੀ ਹੋ ਸਕਦੀ ਹੈ। ਜੀਵਨ ਦੀਆਂ ਹੋਰ ਸਮੱਸਿਆਵਾਂ ਜਿਵੇਂ ਕਿ ਅਕਸਰ ਬਿਮਾਰੀ, ਤਲਾਕ, ਵਿੱਤੀ ਦੀਵਾਲੀਆਪਣ, ਕਾਰੋਬਾਰ ਵਿੱਚ ਅਕਸਰ ਅਸਫ਼ਲਤਾਵਾਂ, ਹੋਰ ਖੇਤਰਾਂ ਵਿੱਚ ਵੀ ਅਸਫ਼ਲਤਾਵਾਂ, ਨਿਰਾਸ਼ਾ, ਭਾਵਨਾਤਮਕ ਮਾਨਸਿਕ ਸਿਹਤ ਸਮੱਸਿਆਵਾਂ ਆਦਿ। ਭਾਵਨਾਤਮਕ ਨੁਕਸਾਨ, ਅਣਉਚਿਤ ਡਰ, ਅਸੁਰੱਖਿਆ, ਹੀਣ ਭਾਵਨਾ, ਨਫ਼ਰਤ, ਗਰੀਬੀ, ਖਾਣ-ਪੀਣ ਦੀਆਂ ਗ਼ਲਤ ਆਦਤਾਂ, ਵਿਆਹ ਤੋਂ ਪੈਦਾ ਹੋਏ ਬੱਚੇ, ਸਰੀਰਕ ਅਤੇ ਮਾਨਸਿਕ ਵਿਗਾੜ, ਬਾਂਝਪਨ, ਗਰਭਪਾਤ, ਅਕਸਰ ਹਾਦਸੇ, “ਹਾਦਸਿਆਂ” ਅਤੇ ਗ਼ੈਰ ਕੁਦਰਤੀ ਜਾਂ ਸਮੇਂ ਤੋਂ ਪਹਿਲਾਂ ਮੌਤ ਦੀ ਸੰਭਾਵਨਾ “ਪੀੜ੍ਹੀ ਦੇ ਬੰਧਨਾਂ” ਕਾਰਨ ਵੀ ਹੋ ਸਕਦੀ ਹੈ।

## ਇਹ ਕੋਈ ਵਿਸ਼ਵ-ਵਿਆਪੀ ਉਪਾਅ ਨਹੀਂ ਹੈ

ਇਸ ਤੋਂ ਪਹਿਲਾਂ ਕਿ ਅਸੀਂ ਇਸ ਅਧਿਐਨ ਵਿੱਚ ਹੋਰ ਅੱਗੇ ਵਧੀਏ, ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਜਦੋਂ ਪੀੜ੍ਹੀ ਦੇ ਬੰਧਨਾਂ ਬਾਰੇ ਗੱਲ ਕੀਤੀ ਜਾਂਦੀ ਹੈ, ਤਾਂ ਇਹ ਉਨ੍ਹਾਂ ਸਾਰੀਆਂ ਸਮੱਸਿਆਵਾਂ ਦਾ ਹੱਲ ਨਹੀਂ ਹੈ ਜਿਨ੍ਹਾਂ ਦਾ ਅਸੀਂ ਸਾਹਮਣਾ ਕਰ ਰਹੇ ਹਾਂ। ਪੀੜ੍ਹੀਆਂ ਤੋਂ ਚੱਲਦੇ ਆ ਰਹੇ ਬੰਧਨਾਂ ਨੂੰ ਸਮਝਣਾ ਅਤੇ ਤੋੜਨਾ ਜ਼ਰੂਰੀ ਨਹੀਂ ਕਿ ਜੀਵਨ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਕਰੇ। ਸਾਰੀਆਂ ਸਮੱਸਿਆਵਾਂ ਪੀੜ੍ਹੀ ਦੇ ਬੰਧਨਾਂ ਕਾਰਨ ਨਹੀਂ ਹੁੰਦੀਆਂ। ਉਦਾਹਰਣ ਦੇ ਲਈ, ਜੇ ਕਿਸੇ ਵਿਅਕਤੀ ਨੂੰ ਲਗਾਤਾਰ ਸਿਰ ਦਰਦ ਹੁੰਦਾ ਹੈ, ਤਾਂ ਇਹ ਪੀੜ੍ਹੀਆਂ ਦੇ ਬੰਧਨ ਕਾਰਨ ਨਹੀਂ ਹੋ ਸਕਦਾ, ਪਰ ਇਹ ਇਸ ਲਈ ਵੀ ਹੋ ਸਕਦਾ ਹੈ ਕਿਉਂਕਿ ਉਹ ਵਿਅਕਤੀ ਕਾਫ਼ੀ ਨੀਂਦ ਨਹੀਂ ਲੈਂਦਾ! ਇਸ ਲਈ, ਸਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਕਿ ਹਰ ਚੀਜ਼ ਉਨ੍ਹਾਂ ਬੰਧਨਾਂ ਕਾਰਨ ਨਹੀਂ ਹੈ, ਜੋ ਪੀੜ੍ਹੀਆਂ ਤੋਂ ਚੱਲੇ ਆ ਰਹੇ ਹਨ। ਸਾਨੂੰ ਇਹ ਵਿਸ਼ਵਾਸ ਨਹੀਂ ਕਰਨਾ ਚਾਹੀਦਾ ਕਿ ਇਹ ਇੱਕੋ-ਇੱਕ ਚੀਜ਼ ਹੈ, ਜਿਸ ਨਾਲ ਸਾਨੂੰ ਜੀਉਣਾ ਹੈ। ਸਮੱਸਿਆ ਦੇ ਹੋਰ ਕਾਰਣ ਵੀ ਹੋ ਸਕਦੇ ਹਨ।

## ਹੋਰ ਗੱਲਾਂ ਵੀ ਸ਼ਾਮਲ ਹਨ

ਹਾਲਾਂਕਿ ਕੁਝ ਪਾਪੀ ਆਦਤਾਂ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਦਿੱਤੀਆਂ ਜਾਂਦੀਆਂ

ਹਨ, ਇਸ ਵਿੱਚ ਹੋਰ ਗੱਲਾਂ ਵੀ ਸ਼ਾਮਲ ਹੋ ਸਕਦੀਆਂ ਹਨ। ਆਤਮਿਕ ਕਾਰਣਾਂ ਤੋਂ ਇਲਾਵਾ, ਕੁਝ ਨਿੱਜੀ, ਕੁਝ ਪੀੜ੍ਹੀਆਂ ਤੋਂ ਅਤੇ ਮਹੌਲ ਨਾਲ ਜੁੜੇ ਕਾਰਕ ਵੀ ਹੋ ਸਕਦੇ ਹਨ। ਉਦਾਹਰਣ ਦੇ ਲਈ, ਇੱਕ ਵਿਅਕਤੀ ਜੋ ਨਸ਼ਿਆਂ 'ਤੇ ਨਿਰਭਰ ਹੈ, ਜ਼ਰੂਰੀ ਨਹੀਂ ਕਿ ਪਿੱਛਲੀਆਂ ਪੀੜ੍ਹੀਆਂ ਵਿੱਚ ਕੋਈ ਆਦੀ ਰਿਹਾ ਹੋਵੇ, ਪਰ ਇਹ ਇਸ ਲਈ ਹੈ ਕਿਉਂਕਿ ਉਸ ਵਿਅਕਤੀ ਨੇ ਮਾੜੇ ਪ੍ਰਭਾਵ ਕਾਰਨ ਗ਼ਲਤ ਜੀਵਨ-ਸ਼ੈਲੀ ਅਪਣਾਈ ਹੈ।

## ਸਚਾਈ ਨੂੰ ਜਾਣਨ ਅਤੇ ਲਾਗੂ ਕਰਨ ਦੀ ਲੋੜ ਹੈ

ਫਿਰ ਵੀ, ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਪੀੜ੍ਹੀ ਦੇ ਬੰਧਨ ਕੀ ਹਨ ਅਤੇ ਇਸ ਸਚਾਈ ਨੂੰ ਕਿਵੇਂ ਲਾਗੂ ਕਰਨਾ ਹੈ ਤਾਂ ਜੋ ਇੱਕ ਪੱਕਾ ਹੱਲ ਲੱਭਿਆ ਜਾ ਸਕੇ, ਜੇ ਕੋਈ ਸਮੱਸਿਆ ਦਾ ਮੂਲ ਕਾਰਣ ਹੈ। ਜਦੋਂ ਤੱਕ ਅਸੀਂ ਸਮੱਸਿਆ ਦੀ ਜੜ੍ਹ ਨੂੰ ਨਹੀਂ ਸਮਝਦੇ, ਅਸੀਂ ਕਦੇ ਵੀ ਸਮੱਸਿਆ ਦਾ ਪੱਕਾ ਹੱਲ ਨਹੀਂ ਲੱਭ ਸਕਾਂਗੇ। ਅਸੀਂ ਇਸ ਸਚਾਈ ਨੂੰ ਆਪਣੇ ਲਈ ਅਤੇ ਦੂਜਿਆਂ ਦੀ ਸੇਵਾ ਲਈ ਵਰਤ ਸਕਦੇ ਹਾਂ।

**ਅਫ਼ਸੀਆਂ 6:12**
**ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ, ਇਖ਼ਤਿਆਰਾਂ, ਅਤੇ ਇਸ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ।**

ਸਾਡਾ ਯੁੱਧ *"ਮਾਸ ਅਤੇ ਲਹੂ"* ਦੇ ਵਿਰੁੱਧ ਨਹੀਂ ਹੈ, ਸਗੋਂ ਹਕੂਮਤਾਂ ਅਤੇ ਦੁਸ਼ਟ ਆਤਮਿਆਂ ਦੀ ਤਾਕਤਾਂ, ਹਨੇਰੇ ਦੀ ਸ਼ਕਤੀ ਦੇ ਵਿਰੁੱਧ, ਸ਼ਤਾਨ ਅਤੇ ਉਸ ਦੇ ਦੁਸ਼ਟ ਦੂਤਾਂ ਦੇ ਵਿਰੁੱਧ ਹੈ, ਜੋ ਸਾਡੇ 'ਤੇ ਹਮਲਾ ਕਰਦੇ ਹਨ ਅਤੇ ਸਾਡੇ ਵਿਰੁੱਧ ਆਉਂਦੇ ਹਨ। ਇਹ ਆਤਮਿਕ ਲੜਾਈ ਹੈ। ਇਸ ਲਈ ਕੁਝ ਸਮੱਸਿਆਵਾਂ, ਜਿਨ੍ਹਾਂ ਦਾ ਅਸੀਂ ਸਾਹਮਣਾ ਕਰਦੇ ਹਾਂ ਉਹ ਆਤਮਿਕ ਹਨ।

ਪਰਮੇਸ਼ੁਰ ਦਾ ਵਚਨ ਸਾਨੂੰ ਚੇਤਾਵਨੀ ਦਿੰਦਾ ਹੈ ਕਿ ਅਸੀਂ ਸ਼ਤਾਨ ਨੂੰ ਮੌਕਾ ਨਾ ਦੇਈਏ—*"ਅਤੇ ਨਾ ਸ਼ਤਾਨ ਨੂੰ ਥਾਂ ਦਿਓ।"* (ਅਫ਼ਸੀਆਂ 4:27)। ਸਾਨੂੰ ਸ਼ਤਾਨ ਨੂੰ ਕਿਸੇ ਵੀ ਤਰ੍ਹਾਂ ਦੀ ਥਾਂ ਜਾਂ ਮੌਕਾ ਦੇਣ ਪ੍ਰਤੀ ਸਾਵਧਾਨ ਰਹਿਣਾ ਚਾਹੀਦਾ ਹੈ। ਸਾਡੇ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਸ਼ਤਾਨ ਕਿਵੇਂ ਕੰਮ ਕਰਦਾ ਹੈ ਅਤੇ ਸਾਡੇ ਜੀਵਨਾਂ ਵਿੱਚ ਥਾਂ ਜਾਂ ਮੌਕਾ ਪ੍ਰਾਪਤ ਕਰਦਾ ਹੈ। ਤਾਂ ਹੀ ਅਸੀਂ ਸ਼ਤਾਨ ਦਾ ਸਫ਼ਲਤਾਪੂਰਵਕ ਸਾਹਮਣਾ ਕਰ ਸਕਾਂਗੇ। ਜੇ ਅਸੀਂ ਬਿਲਕੁਲ

ਨਹੀਂ ਜਾਣਦੇ ਕਿ ਸ਼ਤਾਨ ਸਾਡੀ ਜ਼ਿੰਦਗੀ ਵਿੱਚ ਕਿਵੇਂ ਦਾਖ਼ਲ ਹੁੰਦਾ ਹੈ, ਤਾਂ ਅਸੀਂ ਨਹੀਂ ਜਾਣਾਂਗੇ ਕਿ ਉਸ ਨੂੰ ਆਪਣੀ ਜ਼ਿੰਦਗੀ ਤੋਂ ਕਿਵੇਂ ਦੂਰ ਰੱਖਣਾ ਹੈ। ਜੇ ਅਸੀਂ ਸਮੱਸਿਆ ਦੀ ਜੜ੍ਹ ਨੂੰ ਨਹੀਂ ਜਾਣਦੇ, ਤਾਂ ਇਹ ਸਿਰਫ਼ "ਪਰਛਾਵੇ ਨਾਲ ਲੜਨਾ"—ਅਸਲ ਵਿਅਕਤੀ ਦੀ ਬਜਾਇ ਪਰਛਾਵੇਂ ਨਾਲ ਲੜਨਾ ਹੈ।

## ਸ਼ਬਦ ਅਤੇ ਸ਼ਬਦਾਵਲੀ

ਮਸੀਹੀ ਸੰਸਾਰ ਵਿੱਚ, ਅਕਸਰ "ਪਰਿਵਾਰਕ ਸਰਾਪ" ਅਤੇ "ਪੀੜ੍ਹੀਆਂ ਦਾ ਸਰਾਪ" ਸ਼ਬਦ ਵਰਤੇ ਜਾਂਦੇ ਹਨ। ਅਸੀਂ ਇਸ ਕਿਤਾਬ ਵਿੱਚ "ਸਰਾਪ" ਸ਼ਬਦ ਦੀ ਵਰਤੋਂ ਨਹੀਂ ਕਰਾਂਗੇ। ਇਸ ਦੀ ਥਾਂ ਕੇਵਲ ਅਸੀਂ "ਬੰਧਨ" ਸ਼ਬਦ ਦੀ ਵਰਤੋਂ ਕਰਾਂਗੇ ਕਿਉਂਕਿ ਸਾਨੂੰ ਲੱਗਦਾ ਹੈ ਕਿ ਇਹ ਸ਼ਬਦ ਜ਼ਿਆਦਾ ਵਿਆਪਕ ਹੈ ਅਤੇ ਇਹ ਸਮੱਸਿਆ ਦੇ ਮੂਲ ਕਾਰਣ ਦਾ ਸਹੀ ਤਰ੍ਹਾਂ ਵਰਣਨ ਕਰਦਾ ਹੈ। ਸ਼ਬਦ "ਸਰਾਪ" ਅਕਸਰ ਕਿਸੇ ਅਜਿਹੀ ਚੀਜ਼ ਨੂੰ ਦਰਸਾਉਣ ਲਈ ਵਰਤਿਆ ਜਾਂਦਾ ਹੈ, ਜੋ ਸਾਡੇ ਜੀਵਨ ਵਿੱਚ ਬੋਲੀ ਗਈ ਹੈ। ਫਿਰ ਵੀ ਅਸੀਂ ਬੰਧਨਾਂ ਦੀ ਗੱਲ ਕਰ ਰਹੇ ਹਾਂ, ਜਿੱਥੇ ਦੁਸ਼ਮਣ ਪਰਿਵਾਰ ਵਿੱਚ ਕਿਤੇ ਦਾਖ਼ਲ ਹੋ ਗਿਆ ਹੈ ਅਤੇ ਅਗਲੀਆਂ ਪੀੜ੍ਹੀਆਂ ਵਿੱਚ ਵੱਖ-ਵੱਖ ਵਿਅਕਤੀਆਂ ਨੂੰ ਬੰਧਕ ਬਣਾਉਂਦਾ ਹੈ। ਕਿਤੇ ਨਾ ਕਿਤੇ, "ਪਰਿਵਾਰਕ ਸਰਾਪ," "ਪੀੜ੍ਹੀਆਂ ਦਾ ਸਰਾਪ" ਅਤੇ "ਪੀੜ੍ਹੀਆਂ ਦਾ ਬੰਧਨ" ਸ਼ਬਦਾਂ ਨੂੰ ਇੱਕ ਦੂਜੇ ਦੇ ਬਦਲੇ ਵਰਤਿਆ ਜਾ ਸਕਦਾ ਹੈ। ਫਿਰ ਵੀ, ਇਹ ਮਹੱਤਵਪੂਰਣ ਹੈ ਕਿ ਅਸੀਂ ਸਚਾਈ ਨੂੰ ਜਾਣੀਏ ਅਤੇ ਇਸ ਨੂੰ ਆਪਣੇ ਜੀਵਨ ਵਿੱਚ ਲਾਗੂ ਕਰੀਏ, ਭਾਵੇਂ ਅਸੀਂ ਕਿਸੇ ਵੀ ਸ਼ਬਦਾਵਲੀ ਦੀ ਵਰਤੋਂ ਕਰੀਏ। ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਪੀੜ੍ਹੀ ਦੇ ਬੰਧਨ ਕੀ ਹੁੰਦੇ ਹਨ ਅਤੇ ਜੇ ਅਜਿਹਾ ਬੰਧਨ ਹੈ, ਤਾਂ ਅਸੀਂ ਇਸ ਸਚਾਈ ਨੂੰ ਕਿਵੇਂ ਲਾਗੂ ਕਰ ਸਕਦੇ ਹਾਂ ਤਾਂ ਜੋ ਇੱਕ ਪੱਕਾ ਹੱਲ ਲੱਭਿਆ ਜਾ ਸਕੇ।

ਪਰਮੇਸ਼ੁਰ ਬਰਕਤ ਦੇਵੇ!

ਆਸ਼ਿਸ਼ ਰਾਏਚੂਰ

# 1
# ਪੀੜ੍ਹੀਆਂ ਦਾ ਬੰਧਨ ਕੀ ਹੈ?

**ਕੂਚ 20:3-6**
**3 ਮੇਰੇ ਸਨਮੁੱਖ ਤੇਰੇ ਲਈ ਦੂਜੇ ਦੇਵਤੇ ਨਾ ਹੋਣ।**
**4 ਤੂੰ ਆਪਣੇ ਲਈ ਉੱਕਰੀ ਹੋਈ ਮੂਰਤ ਨਾ ਬਣਾ, ਨਾ ਕਿਸੇ ਚੀਜ ਦੀ ਸੂਰਤ ਜਿਹੜੀ ਉੱਪਰ ਅਕਾਸ਼ ਵਿੱਚ ਅਤੇ ਜਿਹੜੀ ਹੇਠਾਂ ਧਰਤੀ ਉੱਤੇ ਅਤੇ ਜਿਹੜੀ ਧਰਤੀ ਦੇ ਹੇਠਲੇ ਪਾਣੀਆਂ ਵਿੱਚ ਹੈ ।**
**5 ਨਾ ਤੂੰ ਉਨ੍ਹਾਂ ਦੇ ਅੱਗੇ ਮੱਥਾ ਟੇਕ, ਨਾ ਉਨ੍ਹਾਂ ਦੀ ਪੂਜਾ ਕਰ ਕਿਉਂ ਜੋ ਮੈਂ ਯਹੋਵਾਹ ਤੇਰਾ ਪਰਮੇਸ਼ੁਰ ਅਣਖ ਵਾਲਾ ਪਰਮੇਸ਼ੁਰ ਹਾਂ ਜਿਹੜਾ ਪਿਉ ਦਾਦਿਆਂ ਦੀ ਬੁਰਿਆਈ ਨੂੰ ਬੱਚਿਆਂ ਉੱਤੇ ਅਤੇ ਆਪਣੇ ਵੈਰੀਆਂ ਦੀ ਤੀਜੀ ਅਤੇ ਚੌਥੀ ਪੀੜ੍ਹੀ ਉੱਤੇ ਲਿਆਉਂਦਾ ਹਾਂ।**
**6 ਪਰ ਹਜ਼ਾਰਾਂ ਉੱਤੇ ਜਿਹੜੇ ਮੇਰੇ ਨਾਲ ਪਰੀਤ ਪਾਲਦੇ ਤੇ ਮੇਰੇ ਹੁਕਮਾਂ ਨੂੰ ਮੰਨਦੇ ਹਨ ਦਯਾ ਕਰਦਾ ਹਾਂ।**

ਪਰਮੇਸ਼ੁਰ ਨੇ ਸਾਨੂੰ ਦੋ ਹੁਕਮ ਦਿੱਤੇ ਹਨ। ਪਹਿਲਾ ਇਹ ਹੈ ਕਿ ਉਸ ਤੋਂ ਬਿਨ੍ਹਾਂ ਕੋਈ ਪਰਮੇਸ਼ੁਰ ਨਹੀਂ ਹੈ ਅਤੇ ਦੂਜਾ ਇਹ ਹੈ ਕਿ ਕਿਸੇ ਨੂੰ ਵੀ ਕਿਸੇ ਵੀ ਕਿਸਮ ਦੀ ਬਣਾਈ ਹੋਈ ਮੂਰਤੀ ਦੀ ਪੂਜਾ ਨਹੀਂ ਕਰਨੀ ਚਾਹੀਦੀ। ਪ੍ਰਭੂ ਇਹ ਵੀ ਕਹਿੰਦਾ ਹੈ ਕਿ ਇਨ੍ਹਾਂ ਹੁਕਮਾਂ ਦੀ ਉਲੰਘਣਾ ਕਰਨ ਦੇ ਨਤੀਜ਼ੇ ਵਜੋਂ, ਇਹ ਬੁਰਿਆਈ ਤੀਜੀ ਅਤੇ ਚੌਥੀ ਪੀੜ੍ਹੀ ਤੱਕ ਜ਼ਾਰੀ ਰਹੇਗੀ। ਇੱਥੇ ਅਸੀਂ ਦੇਖਦੇ ਹਾਂ ਕਿ ਜੇ ਕੋਈ ਖਾਸ ਪੀੜ੍ਹੀ ਝੂਠੇ ਦੇਵਤਿਆਂ ਅੱਗੇ ਮੱਥਾ ਟੇਕਦੀ ਹੈ, ਤਾਂ ਉਹ ਆਪਣੇ ਜੀਵਨ ਵਿੱਚ "ਬੁਰਿਆਈ" ਲਈ ਦਰਵਾਜ਼ਾ ਖੋਲ੍ਹ ਦਿੰਦੀ ਹੈ ਅਤੇ ਇਹ ਬੁਰਿਆਈ ਅਗਲੀ ਪੀੜ੍ਹੀ ਨੂੰ ਵੀ ਦਿੱਤੀ ਜਾਂਦੀ ਹੈ। ਅਸੀਂ ਇਸ ਨੂੰ "ਪੀੜ੍ਹੀਆਂ ਦਾ ਬੰਧਨ" ਕਹਿੰਦੇ ਹਾਂ।

ਇਹ ਪਹਿਲੀ ਵਾਰ ਹੈ ਜਿੱਥੇ ਪੀੜ੍ਹੀ ਦੇ ਬੰਧਨ ਦੀ ਧਾਰਣਾ ਦਾ ਜ਼ਿਕਰ ਕੀਤਾ ਗਿਆ ਹੈ। ਇਹ ਜਾਣਨਾ ਹੋਰ ਵੀ ਮਹੱਤਵਪੂਰਣ ਹੈ ਕਿ ਇਹ ਗੱਲ ਖ਼ੁਦ ਪਰਮੇਸ਼ੁਰ ਦੁਆਰਾ ਕਹੀ ਜਾ ਰਹੀ ਹੈ। ਇਸ ਲਈ, ਪੀੜ੍ਹੀ ਦੇ ਬੰਧਨ ਦੀ ਧਾਰਣਾ ਕੋਈ ਅਜਿਹੀ "ਧਾਰਣਾ" ਨਹੀਂ ਹੈ, ਜੋ ਲੋਕ ਡਰ ਦੇ ਕਾਰਨ ਆਪਣੇ ਦਿਮਾਗ਼ ਵਿੱਚ ਰੱਖਦੇ ਹਨ ਜਾਂ ਉਨ੍ਹਾਂ ਆਗੂਆਂ ਰਾਹੀਂ ਜੋ ਆਪਣੇ ਸੁਆਰਥੀ ਕਾਰਣਾਂ

ਕਰਕੇ ਲੋਕਾਂ ਨੂੰ ਡਰਾਉਂਦੇ ਹਨ। ਇਹ ਯਹੋਵਾਹ ਪਰਮੇਸ਼ੁਰ ਹੀ ਸੀ ਜਿਸ ਨੇ ਆਪਣੇ ਲੋਕਾਂ ਨੂੰ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਵਿੱਚ ਬੁਰਿਆਈ ਦੇ ਆਉਣ ਬਾਰੇ ਚੇਤਾਵਨੀ ਦਿੱਤੀ ਸੀ।

ਇਹੀ ਵਿਚਾਰ ਚਾਰ ਹੋਰ ਥਾਵਾਂ 'ਤੇ ਵੀ ਦੁਹਰਾਏ ਗਏ ਹਨ। ਇਸ ਲਈ, ਅਸੀਂ ਬਾਈਬਲ ਦੀ ਇੱਕ ਉਦਾਹਰਣ ਦੇ ਅਧਾਰ ਤੇ ਇੱਕ ਧਰਮ ਗਿਆਨ ਵਿਕਸਤ ਨਹੀਂ ਕਰ ਰਹੇ ਹਾਂ।

ਇੱਥੇ ਬਾਈਬਲ ਦੀਆਂ ਕੁਝ ਹੋਰ ਆਇਤਾਂ ਹਨ ਜਿੱਥੇ ਉਹੀ ਗੱਲ ਦੁਹਰਾਈ ਗਈ ਹੈ।

**ਕੂਚ 34:7**
**ਅਤੇ ਹਜ਼ਾਰਾਂ ਲਈ ਭਲਿਆਈ ਰੱਖਣ ਵਾਲਾ ਹੈ ਅਤੇ ਕੁਧਰਮ ਅਪਰਾਧ ਅਰ ਪਾਪ ਦਾ ਬਖ਼ਸ਼ਣ ਹਾਰ ਅਤੇ ਕੁਧਰਮੀ ਨੂੰ ਏਵੇਂ ਨਹੀਂ ਛੱਡਦਾ ਪਰ ਪੇਵਾਂ ਦਾ ਕੁਧਰਮ ਉਨ੍ਹਾਂ ਦੇ ਪੁੱਤ੍ਰਾਂ ਉੱਤੇ ਅਤੇ ਪੁੱਤ੍ਰਾਂ ਦੇ ਪੁੱਤ੍ਰਾਂ ਉੱਤੇ ਤੀਜੀ ਚੌਥੀ ਪੀੜ੍ਹੀ ਤੀਕ ਬਦਲਾ ਲੈਣ ਹਾਰ ਹੈ।**

**ਗਿਣਤੀ 14:18**
**ਕਿ ਯਹੋਵਾਹ ਕ੍ਰੋਧ ਵਿੱਚ ਧੀਰਜੀ ਅਤੇ ਭਲਿਆਈ ਨਾਲ ਭਰਪੂਰ ਹੈ ਅਤੇ ਕੁਧਰਮ ਅਤੇ ਅਪਰਾਧ ਦਾ ਬਖ਼ਸ਼ਣਹਾਰ ਹੈ, ਪਰ ਕੁਧਰਮੀ ਨੂੰ ਐਵੇਂ ਹੀ ਨਹੀਂ ਛੱਡ ਦਿੰਦਾ। ਉਹ ਪੇਵਾਂ ਦੇ ਕੁਧਰਮ ਦਾ ਉਨ੍ਹਾਂ ਦੇ ਪੁੱਤ੍ਰਾਂ ਉੱਤੋਂ ਤੀਜੀ ਚੌਥੀ ਪੀੜ੍ਹੀ ਤੀਕ ਬਦਲਾ ਲੈਣ ਹਾਰਾ ਹੈ।**

**ਬਿਵਸਥਾਸਾਰ 5:9**
**ਨਾ ਤੂੰ ਓਹਨਾਂ ਦੇ ਅੱਗੇ ਮੱਥਾ ਟੇਕ, ਨਾ ਓਹਨਾਂ ਦੀ ਪੂਜਾ ਕਰ ਕਿਉਂ ਜੋ ਮੈਂ ਯਹੋਵਾਹ ਤੇਰਾ ਪਰਮੇਸ਼ੁਰ ਅਣਖ ਵਾਲਾ ਪਰਮੇਸ਼ੁਰ ਹਾਂ ਜਿਹੜਾ ਪਿਉ ਦਾਦਿਆਂ ਦੀ ਬੁਰਿਆਈ ਨੂੰ ਬੱਚਿਆਂ ਉੱਤੇ ਆਪਣੇ ਵੈਰੀਆਂ ਦੀ ਤੀਜੀ ਚੌਥੀ ਪੀੜ੍ਹੀ ਉੱਤੇ ਲਿਆਉਂਦਾ ਹਾਂ।**

**ਯਿਰਮਿਯਾਹ 32:18**
**ਤੂੰ ਹਜ਼ਾਰਾਂ ਉੱਤੇ ਦਯਾ ਕਰਦਾ ਹੈਂ ਅਤੇ ਪਿਉ ਦਾਦਿਆਂ ਦੀ ਬਦੀ ਦਾ ਬਦਲਾ ਓਹਨਾਂ ਦੇ ਪਿੱਛੋਂ ਓਹਨਾਂ ਦੇ ਪੁੱਤ੍ਰਾਂ ਦੀ ਝੋਲੀ ਵਿੱਚ ਰੱਖਦਾ ਹੈਂ। ਏਹ ਵੱਡਾ ਅਤੇ ਬਲਵੰਤ ਪਰਮੇਸ਼ੁਰ, ਸੈਨਾਂ ਦਾ ਯਹੋਵਾਹ ਉਹ ਦਾ ਨਾਮ ਹੈ।**

## ਮੂਰਤੀ ਪੂਜਾ

ਮੂਰਤੀ ਪੂਜਾ ਗ਼ਲਤ ਹੈ! ਪਰਮੇਸ਼ੁਰ ਮੂਰਤੀ ਕਰਨ ਤੋਂ ਮਨ੍ਹਾ ਕਰਦਾ ਹੈ। ਸਾਨੂੰ ਕਿਸੇ ਹੱਥ ਨਾਲ ਬਣਾਈ ਹੋਈ ਮੂਰਤ, ਕਾਗਜ਼, ਇਲੈਕਟ੍ਰਾਨਿਕ ਮੂਰਤੀ ਜਾਂ

ਕਿਸੇ ਹੋਰ ਚੀਜ਼ ਦੀ ਪੂਜਾ ਨਹੀਂ ਕਰਨੀ ਚਾਹੀਦੀ, ਸਗੋਂ ਕੇਵਲ ਆਤਮਾ ਅਤੇ ਸਚਿਆਈ ਨਾਲ ਜੀਉਂਦੇ ਪਰਮੇਸ਼ੁਰ ਦੀ ਅਰਾਧਨਾ ਕਰਨੀ ਚਾਹੀਦੀ ਹੈ। ਇਸ ਲਈ ਅਸੀਂ ਕੁਝ ਮਹੱਤਵਪੂਰਣ ਸਵਾਲ ਪੁੱਛ ਸਕਦੇ ਹਾਂ।

- ਕਿਸੇ ਵੀ ਮੂਰਤੀ ਜਾਂ ਤਸਵੀਰ ਅੱਗੇ ਮੱਥਾ ਟੇਕਣਾ ਗ਼ਲਤ ਕਿਉਂ ਹੈ—ਚਾਹੇ ਉਹ ਯਿਸੂ, ਸੰਤ ਜਾਂ ਕਿਸੇ ਹੋਰ ਦੀ ਹੋਵੇ?
- ਯਿਸੂ ਦੀ ਤਸਵੀਰ ਦੀ ਪੂਜਾ ਕਰਨਾ ਕਿਉਂ ਗ਼ਲਤ ਹੈ?

ਆਓ ਦੇਖੀਏ ਕਿ ਪਰਮੇਸ਼ੁਰ ਦਾ ਵਚਨ ਮੂਰਤੀਆਂ ਦੀ ਪੂਜਾ ਬਾਰੇ ਕੀ ਕਹਿੰਦਾ ਹੈ।

**1 ਕੁਰਿੰਥੀਆਂ 10:19-22**

**19 ਸੋ ਮੈਂ ਕੀ ਆਖਦਾ ਹਾਂ? ਭਈ ਮੂਰਤੀ ਦੀ ਭੇਟ ਕੁਝ ਹੈ? ਅਥਵਾ ਮੂਰਤੀ ਕੁਝ ਹੈ?**
**20ਮੈਂ ਸਗੋਂ ਇਹ ਆਖਦਾ ਹਾਂ ਭਈ ਜਿਹੜੀਆਂ ਵਸਤਾਂ ਪਰਾਈਆਂ ਕੌਮਾਂ ਚੜ੍ਹਾਉਂਦੀਆਂ ਹਨ ਸੋ ਭੂਤਾਂ ਲਈ ਚੜ੍ਹਾਉਂਦੀਆਂ ਹਨ, ਪਰਮੇਸ਼ੁਰ ਲਈ ਨਹੀਂ ਅਤੇ ਮੈਂ ਨਹੀਂ ਚਾਹੁੰਦਾ ਜੋ ਤੁਸੀਂ ਭੂਤਾਂ ਦੇ ਸਾਂਝੀ ਬਣੋ!**
**21ਤੁਸੀਂ ਪ੍ਰਭੂ ਦਾ ਪਿਆਲਾ, ਨਾਲੇ ਭੂਤਾਂ ਦਾ ਪਿਆਲਾ ਦੋਵੇਂ ਨਹੀਂ ਪੀ ਸਕਦੇ। ਤੁਸੀਂ ਪ੍ਰਭੂ ਦੀ ਮੇਜ਼, ਨਾਲੇ ਭੂਤਾਂ ਦੀ ਮੇਜ਼ ਦੋਹਾਂ ਦੇ ਸਾਂਝੀ ਨਹੀਂ ਹੋ ਸਕਦੇ।**
**22 ਅਥਵਾ, ਕੀ ਅਸੀਂ ਪ੍ਰਭੂ ਨੂੰ ਅਣਖ ਦੁਆਉਂਦੇ ਹਾਂ? ਕੀ ਅਸੀਂ ਉਸ ਨਾਲੋਂ ਬਲੀ ਹਾਂ?**

ਪਵਿੱਤਰ ਬਾਈਬਲ ਦੇ ਅਨੁਸਾਰ, ਮੂਰਤੀ ਦਾ ਕੋਈ ਮਹੱਤਵ ਨਹੀਂ ਹੈ। ਫਿਰ ਵੀ ਮੂਰਤੀ ਪੂਜਾ ਤੋਂ ਪਹਿਲਾਂ ਕੀਤੀਆਂ ਕੁਰਬਾਨੀਆਂ ਅਸਲ ਵਿੱਚ ਭੂਤਾਂ ਲਈ ਕੁਰਬਾਨੀਆਂ ਹਨ, ਨਾ ਕਿ ਜੀਉਂਦੇ ਪਰਮੇਸ਼ੁਰ ਲਈ ਅਤੇ ਇਸ ਨਾਲ ਇੱਕ ਵਿਅਕਤੀ ਦੁਸ਼ਟ ਆਤਮਾਵਾਂ ਨਾਲ ਸੰਗਤੀ ਕਰਦਾ ਹੈ ਅਤੇ ਦੁਸ਼ਟ ਆਤਮਾਵਾਂ ਲਈ ਆਪਣੇ ਜੀਵਨ ਵਿੱਚ ਦਾਖ਼ਲ ਹੋਣ ਦਾ ਦਰਵਾਜ਼ਾ ਖੋਲ੍ਹਦਾ ਹੈ। ਜਦੋਂ ਅਸੀਂ ਪਰਮੇਸ਼ੁਰ ਦੀ ਅਰਾਧਨਾ ਕਰਦੇ ਹਾਂ ਅਤੇ ਉਸ ਦੀ ਉਸਤਤ ਕਰਦੇ ਹਾਂ, ਤਾਂ ਅਸੀਂ ਜੀਉਂਦੇ ਪਰਮੇਸ਼ੁਰ ਨਾਲ ਸੰਗਤੀ ਕਰਦੇ ਹਾਂ ਅਤੇ ਫਿਰ ਉਹ ਸਾਡੇ ਦਿਲਾਂ ਅਤੇ ਜੀਵਨਾਂ ਵਿੱਚ ਆਉਂਦਾ ਹੈ। ਇਸੇ ਤਰ੍ਹਾਂ, ਜਦੋਂ ਕੋਈ ਵਿਅਕਤੀ ਮੂਰਤੀਆਂ ਦੀ ਪੂਜਾ ਕਰਦਾ ਹੈ ਅਤੇ ਉਨ੍ਹਾਂ ਨੂੰ ਬਲੀ ਚੜ੍ਹਾਉਂਦਾ ਹੈ, ਤਾਂ ਉਹ ਮੂਰਤੀਆਂ ਦੇ ਪਿੱਛੇ ਮੌਜੂਦ ਦੁਸ਼ਟ ਆਤਮਾਵਾਂ ਨਾਲ ਜੁੜਦਾ ਹੈ ਅਤੇ ਉਨ੍ਹਾਂ ਸ਼ਕਤੀਆਂ ਨੂੰ ਆਪਣੇ ਜੀਵਨ ਵਿੱਚ ਦਾਖ਼ਲ ਹੋਣ ਲਈ ਮੌਕਾ ਦਿੰਦਾ ਹੈ।

## ਸਾਵਧਾਨੀ ਦਾ ਵਚਨ

ਸਾਨੂੰ ਸਚਿਆਈ ਨੂੰ ਪਿਆਰ ਅਤੇ ਹਲੀਮੀ ਨਾਲ ਬੋਲਣਾ ਚਾਹੀਦਾ ਹੈ। ਸਾਨੂੰ ਇਨ੍ਹਾਂ ਸਚਾਈਆਂ ਨੂੰ ਧਿਆਨ ਨਾਲ ਆਪਣੇ ਉਨ੍ਹਾਂ ਦੋਸਤਾਂ ਨਾਲ ਸਾਂਝਾ ਕਰਨਾ ਚਾਹੀਦਾ ਹੈ, ਜੋ ਮੂਰਤੀਆਂ ਦਾ ਆਦਰ ਕਰਦੇ ਹਨ।

**ਕਹਾਉਤਾਂ 16:21**
**ਜਿਹੜਾ ਬੁੱਧਵਾਨ ਹੈ ਉਹ ਬਿਬੇਕੀ ਕਹਾਉਂਦਾ ਹੈ ਅਤੇ ਮਿੱਠੇ ਬੋਲਣ ਨਾਲ ਕਾਇਲ ਕਰਨ ਦੀ ਸ਼ਕਤੀ ਵੱਧ ਜਾਂਦੀ ਹੈ।**

ਬਿਵਸਥਾਸਾਰ 7 ਵਿੱਚ, ਪਰਮੇਸ਼ੁਰ ਆਪਣੇ ਲੋਕਾਂ ਨੂੰ ਮੂਰਤੀਆਂ ਬਾਰੇ ਖ਼ਾਸ ਹਦਾਇਤਾਂ ਹੈ।

**ਬਿਵਸਥਾਸਾਰ 7:25,26**
**25ਤੁਸੀਂ ਓਹਨਾਂ ਦਿਆਂ ਦੇਵਤਿਆਂ ਦੀਆਂ ਉੱਕਰੀਆਂ ਹੋਈਆਂ ਮੂਰਤੀਆਂ ਨੂੰ ਅੱਗ ਵਿੱਚ ਸਾੜ ਸੁੱਟੋ ਪਰ ਤੁਸੀਂ ਉਸ ਚਾਂਦੀ ਸੋਨੇ ਦਾ ਜਿਹੜਾ ਓਹਨਾਂ ਦੇ ਉੱਤੇ ਹੈ ਲੋਭ ਨਾ ਕਰੋ, ਨਾ ਉਹ ਆਪਣੇ ਲਈ ਲਓ, ਮਤੇ ਤੁਸੀਂ ਓਹਨਾਂ ਦੇ ਫੰਦੇ ਵਿੱਚ ਫਸ ਜਾਓ ਕਿਉਂ ਜੋ ਏਹ ਯਹੋਵਾਹ ਤੁਹਾਡੇ ਪਰਮੇਸ਼ੁਰ ਦੇ ਲਈ ਇੱਕ ਘਿਣਾਉਣੀ ਚੀਜ਼ ਹੈ।**
**26ਤੁਸੀਂ ਕੋਈ ਘਿਣਾਉਣੀ ਚੀਜ਼ ਆਪਣੇ ਘਰ ਨੂੰ ਨਾ ਲਿਆਓ, ਮਤੇ ਤੁਸੀਂ ਉਸ ਵਾਂਙੁ ਹਰਾਮ ਹੋ ਜਾਓ। ਤੁਸੀਂ ਉਸ ਤੋਂ ਨਫ਼ਰਤ ਹੀ ਨਫ਼ਰਤ ਅਤੇ ਘਿਣ ਹੀ ਘਿਣ ਕਰੋ ਕਿਉਂ ਜੋ ਉਹ ਇੱਕ ਹਰਾਮ ਚੀਜ਼ ਹੈ।**

ਪਰਮੇਸ਼ੁਰ ਆਪਣੇ ਲੋਕਾਂ ਨੂੰ ਚੇਤਾਵਨੀ ਦਿੰਦਾ ਹੈ ਕਿ ਉਹ ਆਪਣੇ ਘਰਾਂ ਵਿੱਚ ਹਰਾਮ ਜਾਂ ਸਰਾਪਤ ਚੀਜ਼ਾਂ ਨਾ ਰੱਖਣ। ਉਨ੍ਹਾਂ ਨੂੰ ਗਹਿਣੇ ਲਿਆਉਣ ਦੀ ਵੀ ਮਨਾਹੀ ਸੀ ਜਿਨ੍ਹਾਂ 'ਤੇ ਮੂਰਤੀਆਂ ਬਣਾਈਆਂ ਜਾਂਦੀਆਂ ਸਨ। ਜਿਹੜੀਆਂ ਚੀਜ਼ਾਂ ਪਰਮੇਸ਼ੁਰ ਨੂੰ ਪਸੰਦ ਨਹੀਂ ਸਨ ਉਹ ਪਰਮੇਸ਼ੁਰ ਦੇ ਸਾਹਮਣੇ ਘਿਣਾਉਣੀਆਂ ਸਨ। ਜਿਹੜੇ ਲੋਕ ਅਜਿਹੀਆਂ ਹਰਾਮ ਜਾਂ ਸਰਾਪਤ ਚੀਜ਼ਾਂ ਲਿਆਉਂਦੇ ਹਨ, ਉਹ ਮੂਰਤੀਆਂ ਨਾਲ ਆਉਣ ਵਾਲੀਆਂ ਸ਼ਕਤੀਆਂ ਨਾਲ ਬੰਨ੍ਹੇ ਜਾਂਦੇ ਹਨ। ਬੰਧਨ ਅਤੇ ਵਿਨਾਸ਼ ਉਨ੍ਹਾਂ ਦੇ ਜੀਵਨ ਵਿੱਚ ਦਾਖ਼ਲ ਹੁੰਦੇ ਹਨ। ਇਹ ਇੱਕ ਹੋਰ ਕਾਰਣ ਹੈ ਕਿ ਮੂਰਤੀ ਪੂਜਾ ਗ਼ਲਤ ਹੈ। ਮੂਰਤੀਆਂ ਦੇ ਪਿੱਛੇ ਦੀਆਂ ਤਾਕਤਾਂ ਸਾਨੂੰ ਬੰਨ੍ਹਦੀਆਂ ਹਨ ਅਤੇ ਅਸੀਂ ਮੂਰਤੀਆਂ ਨਾਲ ਨਾਸ਼ ਲਈ ਰੱਖੇ ਜਾਵਾਂਗੇ ਅਤੇ ਜੇ ਅਸੀਂ ਇਸ ਮਾਮਲੇ ਵਿੱਚ ਪਰਮੇਸ਼ੁਰ ਦੇ ਹੁਕਮ ਦੀ ਉਲੰਘਣਾ ਕਰਦੇ ਹਾਂ, ਤਾਂ ਸਾਨੂੰ ਮੂਰਤੀਆਂ ਵਾਂਗ ਹੀ ਤਬਾਹੀ ਦਾ ਸਾਹਮਣਾ ਕਰਨਾ ਪਵੇਗਾ।

ਅਸੀਂ ਉਸ ਵਸਤੂ ਵਰਗੇ ਬਣ ਜਾਂਦੇ ਹਾਂ ਜਿਸ ਦੀ ਅਸੀਂ ਪੂਜਾ ਕਰਦੇ ਹਾਂ। *"ਉਨ੍ਹਾਂ ਦੇ ਬਣਾਉਣ ਵਾਲੇ ਉਨ੍ਹਾਂ ਹੀ ਵਰਗੇ ਹੋਣਗੇ, ਨਾਲੇ ਓਹ ਸਾਰੇ ਜਿਹੜੇ ਉਨ੍ਹਾਂ ਉੱਤੇ ਭਰੋਸਾ ਰੱਖਦੇ ਹਨ"* (ਜ਼ਬੂਰਾਂ 115:8)। ਅਸੀਂ ਪੂਜਾ ਕਰਨ ਵਾਲੀਆਂ ਵਸਤੂਆਂ ਵਾਂਗ ਬਣ ਜਾਂਦੇ ਹਾਂ। ਜਦੋਂ ਅਸੀਂ ਕਿਸੇ ਇੱਕ ਵਸਤੂ ਵਾਂਗੂ ਬਣ ਜਾਂਦੇ ਹਾਂ। ਜਦੋਂ ਅਸੀਂ ਕਿਸੇ ਮੂਰਤੀ ਅੱਗੇ ਝੁਕਦੇ ਹਾਂ ਜਾਂ ਉਸ ਦੀ ਸੇਵਾ ਕਰਦੇ ਹਾਂ, ਤਾਂ ਉਸ ਮੂਰਤੀ ਰਾਹੀਂ ਕੰਮ ਕਰਨ ਵਾਲੀ ਆਤਮਾ ਸਾਡੇ ਜੀਵਨ (ਪ੍ਰਭਾਵ ਦਾ ਖੇਤਰ) ਵਿੱਚ ਕਦਮ ਰੱਖਦੀ ਹੈ ਅਤੇ ਸਾਨੂੰ ਵਾਰ-ਵਾਰ ਝੁਕਣ ਲਈ ਮਜ਼ਬੂਰ ਕਰਦੀ ਹੈ, ਉਹ ਸਾਨੂੰ ਗੁਲਾਮੀ ਵਿੱਚ ਰੱਖਦੀ ਹੈ। ਇਸ ਕਾਰਨ, ਇਹ ਰਿਵਾਜ਼ ਸਾਡੇ ਬੱਚਿਆਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਵਿੱਚ ਦਾਖ਼ਲ ਹੁੰਦਾ ਹੈ ਅਤੇ ਉਨ੍ਹਾਂ ਨੂੰ ਝੁਕਣ ਲਈ ਮਜ਼ਬੂਰ ਕਰਦਾ ਹੈ।

## ਨਿੱਜੀ ਬੰਧਨ ਬਨਾਮ ਪੀੜ੍ਹੀ ਦਾ ਬੰਧਨ

ਜਿਸ ਕੁਧਰਮ ਨੂੰ ਅਸੀਂ ਆਪਣੇ ਜੀਵਨ ਵਿੱਚ ਥਾਂ ਦਿੱਤਾ ਹੈ, ਜੋ ਅੱਜ ਸਾਨੂੰ ਪ੍ਰਭਾਵਿਤ ਕਰਦਾ ਹੈ, ਉਸ ਨੂੰ ਅਸੀਂ "ਨਿੱਜੀ ਬੰਧਨ" ਕਹਿੰਦੇ ਹਾਂ। ਜੇ ਅਸੀਂ ਇਸ ਦੀ ਸ਼ਕਤੀ ਨੂੰ ਉੱਪਰੋਂ ਨਹੀਂ ਤੋੜਦੇ, ਤਾਂ ਇਸ ਦੀ ਵਿਸ਼ੇਸ਼ਤਾ ਇਹ ਹੈ ਕਿ ਇਹ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚ ਜਾਵੇਗਾ। ਜੇ ਇਹ ਸਾਡੀਆਂ ਅਗਲੀਆਂ ਪੀੜ੍ਹੀਆਂ ਤੱਕ ਪਹੁੰਚਦਾ ਹੈ, ਤਾਂ ਅਸੀਂ ਇਸ ਨੂੰ "ਪੀੜ੍ਹੀਆਂ ਦਾ ਬੰਧਨ" ਕਹਿੰਦੇ ਹਾਂ। ਕੁਝ ਲੋਕ ਉਨ੍ਹਾਂ ਪੀੜ੍ਹੀਆਂ ਦੇ ਰਿਸ਼ਤਿਆਂ ਕਰਕੇ ਦੁਖੀ ਹੋ ਸਕਦੇ ਹਨ ਜੋ ਉਨ੍ਹਾਂ ਨੂੰ ਵਿਰਾਸਤ ਵਿੱਚ ਮਿਲੇ ਹਨ, ਜ਼ਰੂਰੀ ਨਹੀਂ ਕਿ ਉਨ੍ਹਾਂ ਨੇ ਇਸ ਨੂੰ ਆਪਣੇ ਜੀਵਨ ਵਿੱਚ ਆਉਣ ਦਿੱਤਾ ਹੋਵੇ। ਜਿਵੇਂ ਕਿ ਪਹਿਲਾਂ ਦੱਸਿਆ ਗਿਆ ਹੈ, ਇਹ ਬੰਧਨ ਕਈ ਕਿਸਮਾਂ ਦੇ ਹੋ ਸਕਦੇ ਹਨ—ਪਾਪੀ ਵਿਹਾਰ ਅਤੇ ਜੀਵਨ-ਸ਼ੈਲੀ ਜਿਵੇਂ ਕਿ ਝੂਠ ਬੋਲਣਾ, ਧੋਖਾ, ਗੁੱਸਾ, ਹਿੰਸਾ, ਜੂਆ ਖੇਡਣਾ, ਸ਼ਰਾਬ ਪੀਣਾ, ਨਸ਼ੀਲੇ ਪਦਾਰਥਾਂ 'ਤੇ ਨਿਰਭਰਤਾ, ਵਿਭਚਾਰ, ਅਨੈਤਿਕਤਾ, ਵਿਨਾਸ਼ਕਾਰੀ ਸ਼ਖਸ਼ੀਅਤਾਂ, ਬੁਰਾਈ, ਖ਼ੁਦਕੁਸ਼ੀ ਦੀ ਇੱਛਾ, ਜ਼ਿਆਦਾ ਕੰਮ ਕਰਨਾ, ਆਦਿ। ਇਹ ਸੂਚੀ ਹੋਰ ਵੀ ਲੰਬੀ ਹੋ ਸਕਦੀ ਹੈ। ਜੀਵਨ ਦੀਆਂ ਹੋਰ ਸਮੱਸਿਆਵਾਂ ਜਿਵੇਂ ਕਿ ਅਕਸਰ ਬਿਮਾਰੀ, ਤਲਾਕ, ਵਿੱਤੀ ਨੁਕਸਾਨ, ਕਾਰੋਬਾਰ ਵਿੱਚ ਅਕਸਰ ਅਸਫ਼ਲਤਾਵਾਂ, ਹੋਰ ਖੇਤਰਾਂ ਵਿੱਚ ਵੀ ਅਸਫ਼ਲਤਾਵਾਂ, ਨਿਰਾਸ਼ਾ, ਮਾਨਸਿਕ / ਭਾਵਨਾਤਮਕ ਸਿਹਤ ਸਮੱਸਿਆਵਾਂ ਆਦਿ। ਗ਼ੈਰ ਵਾਜਿਬ ਨੁਕਸਾਨ, ਅਣਉੱਚਿਤ ਡਰ, ਅਸੁਰੱਖਿਆ, ਹੀਣ

ਭਾਵਨਾ, ਅਪਮਾਨ, ਗ਼ਰੀਬੀ, ਖਾਣ-ਪੀਣ ਦੀਆਂ ਗ਼ਲਤ ਆਦਤਾਂ, ਵਿਆਹ ਤੋਂ ਪੈਦਾ ਹੋਏ ਬੱਚੇ, ਸਰੀਰਕ ਅਤੇ ਮਾਨਸਿਕ ਵਿਗਾੜ, ਬਾਂਝਪਨ, ਗਰਭਪਾਤ, ਅਕਸਰ ਹਾਦਸੇ, "ਹਾਦਸਿਆਂ" ਅਤੇ ਗ਼ੈਰ ਕੁਦਰਤੀ ਜਾਂ ਸਮੇਂ ਤੋਂ ਪਹਿਲਾਂ ਮੌਤ ਦਾ ਕਾਰਣ ਪੀੜ੍ਹੀ ਦੇ ਬੰਧਨਾਂ ਕਾਰਨ ਵੀ ਹੋ ਸਕਦਾ ਹੈ।

ਸਾਡਾ ਉਦੇਸ਼ ਇੱਥੇ ਇਹ ਸਿੱਖਣਾ ਹੈ ਕਿ ਸਾਡੇ ਨਿੱਜੀ ਅਤੇ ਪੀੜ੍ਹੀਆਂ ਦੇ ਬੰਧਨਾਂ ਨੂੰ ਕਿਵੇਂ ਤੋੜਿਆ ਜਾਵੇ।

## ਲਾਲਚ ਮੂਰਤੀ ਪੂਜਾ ਹੈ

ਪੁਰਾਣੇ ਨੇਮ ਵਿੱਚ, ਤਸਵੀਰਾਂ ਅਤੇ ਮੂਰਤੀਆਂ ਅੱਗੇ ਮੱਥਾ ਟੇਕਣ ਨੂੰ ਮੂਰਤੀ ਪੂਜਾ ਕਿਹਾ ਜਾਂਦਾ ਸੀ। ਇਹ ਗੱਲ ਨਵੇਂ ਨੇਮ ਵਿੱਚ ਵਧੇਰੇ ਵਿਆਪਕ ਤੌਰ ਤੇ ਪ੍ਰਗਟ ਕੀਤੀ ਗਈ ਸੀ, ਜਿੱਥੇ ਲਾਲਚ ਨੂੰ ਮੂਰਤੀ ਪੂਜਾ ਦੇ ਬਰਾਬਰ ਮੰਨਿਆ ਗਿਆ ਹੈ।

**ਕੁਲੁੱਸੀਆਂ 3:5**
**ਇਸ ਲਈ ਤੁਸੀਂ ਆਪਣੇ ਅੰਗਾਂ ਨੂੰ ਜੋ ਧਰਤੀ ਉੱਤੇ ਹਨ ਮਾਰ ਸੁੱਟੋ ਅਰਥਾਤ ਹਰਾਮਕਾਰੀ, ਗੰਦ ਮੰਦ, ਕਾਮਨਾ, ਬੁਰੀ ਇੱਛਿਆ ਅਤੇ ਲੋਭ ਨੂੰ ਜਿਹੜਾ ਮੂਰਤੀ ਪੂਜਾ ਹੈ।**

**ਅਫ਼ਸੀਆਂ 5:5**
**ਕਿਉਂ ਜੋ ਤੁਸੀਂ ਇਸ ਗੱਲ ਨੂੰ ਪੱਕ ਜਾਣਦੇ ਹੋ ਭਈ ਕਿਸੇ ਹਰਾਮਕਾਰ ਯਾ ਭ੍ਰਿਸ਼ਟ ਜਾਂ ਲੋਭੀ ਮਨੁੱਖ ਨੂੰ ਜੋ ਮੂਰਤੀ ਪੂਜਕ ਹੈ ਮਸੀਹ ਅਤੇ ਪਰਮੇਸ਼ੁਰ ਦੇ ਰਾਜ ਵਿੱਚ ਅਧਿਕਾਰ ਨਹੀਂ।**

ਲਾਲਚ ਜਾਂ ਬੇਕਾਬੂ ਕਾਮਨਾ ਦਾ ਹਰ ਰੂਪ ਮੂਰਤੀ ਪੂਜਾ ਦੇ ਬਰਾਬਰ ਹੈ। ਉਦਾਹਰਣ ਵਜੋਂ, ਜੇ ਕਿਸੇ ਦੀ ਬੇਕਾਬੂ ਇੱਛਾ—ਇੱਕ ਨਸ਼ਾ ਹੈ—ਤਾਂ ਇਸ ਨੂੰ ਮੂਰਤੀ ਪੂਜਾ ਵੀ ਮੰਨਿਆ ਜਾਵੇਗਾ ਅਤੇ ਇਸ ਦੇ ਨਤੀਜ਼ੇ ਵੀ ਉਹੀ ਹੋਣਗੇ। ਇਹ ਨਸ਼ਾ ਦੁਰ-ਵਿਹਾਰ, ਅਸ਼ਲੀਲਤਾ, ਜ਼ਿਆਦਾ ਖਾਣਾ, ਅਨੈਤਿਕ ਜੀਵਨ-ਸ਼ੈਲੀ ਆਦਿ ਹਨ। ਇਹ ਉਹ ਆਤਮਾਵਾਂ ਹਨ ਜੋ ਮੂਰਤੀ ਪੂਜਾ ਦੇ ਨਾਲ ਰਹਿੰਦੀਆਂ ਹਨ, ਜੋ ਕੰਮ ਕਰਦੀਆਂ ਹਨ ਅਤੇ ਵਿਅਕਤੀ ਨੂੰ ਗੁਲਾਮੀ ਵਿੱਚ ਰੱਖਦੀਆਂ ਹਨ। ਇਸ ਲਈ, ਭਾਵੇਂ ਅਸਲ ਵਿੱਚ ਸਾਡੇ ਘਰਾਂ ਵਿੱਚ ਮੂਰਤੀਆਂ ਨਾ ਹੋਣ, ਪਰ ਸਾਨੂੰ ਇਹ ਜਾਂਚ ਕਰਨ ਦੀ ਲੋੜ ਹੈ ਕਿ ਕਿਤੇ ਸਾਡੇ ਦਿਲਾਂ ਵਿੱਚ ਕਿਸੇ ਤਰ੍ਹਾਂ ਦਾ ਲੋਭ ਜਾਂ ਲਾਲਚ ਤਾਂ ਨਹੀਂ ਹੈ।

## ਪੀੜ੍ਹੀਆਂ ਦੀ ਬਰਕਤ

ਦੂਜੇ ਪਾਸੇ, ਬਾਈਬਲ ਸਾਨੂੰ ਪੀੜ੍ਹੀਆਂ ਦੀ ਬਰਕਤ ਬਾਰੇ ਦੱਸਦੀ ਹੈ। ਪੀੜ੍ਹੀਆਂ ਦੀ ਬਰਕਤ ਦੀ ਇੱਕ ਵੱਡੀ ਉਦਾਹਰਣ ਅਬਰਾਹਾਮ ਦੇ ਜੀਵਨ ਵਿੱਚ ਵੇਖੀ ਜਾ ਸਕਦੀ ਹੈ, ਜਿੱਥੇ ਪਰਮੇਸ਼ੁਰ ਉਸ ਨੂੰ ਦੱਸਦਾ ਹੈ ਕਿ ਉਸ ਨੂੰ ਅਤੇ ਉਸ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਰਕਤ ਮਿਲੇਗੀ।

**ਉਤਪਤ 17:7**
**ਅਤੇ ਮੈਂ ਆਪਣਾ ਨੇਮ ਆਪਣੇ ਅਰ ਤੇਰੀ ਅੰਸ ਦੇ ਵਿੱਚ ਜੋ ਤੇਰੇ ਪਿੱਛੋਂ ਆਵੇਗੀ ਉਨ੍ਹਾਂ ਦੀਆਂ ਪੀੜ੍ਹੀਆਂ ਤੀਕ ਇੱਕ ਅਨੰਤ ਨੇਮ ਕਰਕੇ ਬੰਨ੍ਹਾਂਗਾ ਕਿ ਮੈਂ ਤੇਰੇ ਅਰ ਤੇਰੇ ਪਿੱਛੋਂ ਤੇਰੀ ਅੰਸ ਦਾ ਪਰਮੇਸ਼ੁਰ ਹੋਵਾਂਗਾ।**

**ਯਸਾਯਾਹ 59:21**
**ਮੇਰੀ ਵੱਲੋਂ, ਯਹੋਵਾਹ ਆਖਦਾ ਹੈ, ਓਹਨਾਂ ਨਾਲ ਮੇਰਾ ਏਹ ਨੇਮ ਹੈ, ਮੇਰਾ ਆਤਮਾ ਜੋ ਤੇਰੇ ਉੱਤੇ ਹੈ ਅਤੇ ਮੇਰੇ ਵਚਨ ਜੋ ਮੈਂ ਤੇਰੇ ਮੂੰਹ ਵਿੱਚ ਪਾਏ, ਤੇਰੇ ਮੂੰਹ ਵਿੱਚੋਂ, ਤੇਰੀ ਅੰਸ ਦੇ ਮੂੰਹ ਵਿੱਚੋਂ, ਸਗੋਂ ਤੇਰੀ ਅੰਸ ਦੀ ਅੰਸ ਦੇ ਮੂੰਹ ਵਿੱਚੋਂ, ਹੁਣ ਤੋਂ ਸਦੀਪਕਾਲ ਤੀਕ ਚੱਲੇ ਨਾ ਜਾਣਗੇ, ਯਹੋਵਾਹ ਆਖਦਾ ਹੈ।**

ਸੱਚੇ ਅਤੇ ਜੀਉਂਦੇ ਪਰਮੇਸ਼ੁਰ ਨਾਲ ਬੰਨ੍ਹੇ ਗਏ ਇੱਕ ਨੇਮ ਨੇ ਪੀੜ੍ਹੀਆਂ ਦੀ ਬਰਕਤ ਨੂੰ ਲਾਗੂ ਕੀਤਾ।

# 2
# ਕੁਧਰਮ ਅਤੇ ਪਾਪ

## ਕੁਧਰਮ ਬਨਾਮ ਪਾਪ

"ਕੁਧਰਮ" ਅਤੇ "ਪਾਪ" ਸ਼ਬਦਾਂ ਨੂੰ ਸਮਝਣ ਨਾਲ ਸਾਨੂੰ ਪੀੜ੍ਹੀਆਂ ਦੇ ਬੰਧਨ ਨੂੰ ਬਿਹਤਰ ਸਮਝਣ ਵਿੱਚ ਮਦਦ ਮਿਲੇਗੀ। ਇਹ ਦੋਵੇਂ ਸ਼ਬਦ ਪਵਿਤਰ ਬਾਈਬਲ ਵਿੱਚ ਵਰਤੇ ਗਏ ਹਨ।

**ਕੂਚ 34:9**
**ਅਤੇ ਉਸ ਆਖਿਆ, ਹੇ ਪ੍ਰਭੂ ਜੇ ਤੇਰੀ ਕਿਰਪਾ ਦੀ ਨਿਗਾਹ ਮੇਰੇ ਉੱਤੇ ਹੈ ਤਾਂ ਪ੍ਰਭੂ ਸਾਡੇ ਨਾਲ ਨਾਲ ਚੱਲੇ ਭਾਵੇਂ ਏਹ ਹਠੀਏ ਹੀ ਲੋਕ ਹਨ ਅਰ ਸਾਡਾ ਕੁਧਰਮ ਅਰ ਸਾਡਾ ਪਾਪ ਬਖ਼ਸ਼ੇ ਅਰ ਸਾਨੂੰ ਆਪਣਾ ਅਧਕਾਰੀ ਬਣਾਵੇ।**

ਇਬਰਾਨੀ ਵਿੱਚ "ਕੁਧਰਮ" ਦਾ ਮੂਲ ਸ਼ਬਦ *'ਅਵੋਨ'* ਹੈ ਜਿਸ ਦਾ ਮਤਲਬ ਹੈ "ਵਿਗਾੜ", ਜਦ ਕਿ "ਪਾਪ" ਲਈ *'ਖਤਾਵਾਵ'* ਹੈ ਜਿਸ ਦਾ ਮਤਲਬ ਹੈ "ਅਪਰਾਧ"। ਆਮ ਤੌਰ 'ਤੇ, ਅਸੀਂ ਇਹ ਨਿਰੀਖਣ ਕਰ ਸਕਦੇ ਹਾਂ ਕਿ "ਕੁਧਰਮ" ਕਿਸੇ ਵਿਅਕਤੀ ਦੇ ਸੁਭਾਅ ਵਿੱਚ ਹੈ, ਜੋ ਸਾਨੂੰ ਪਾਪ ਕਰਨ ਲਈ ਉਤਸ਼ਾਹਿਤ ਕਰਦਾ ਹੈ, ਜਦ ਕਿ "ਪਾਪ" ਗ਼ਲਤ ਕਰਨ ਦਾ ਕੰਮ ਹੈ। ਇਹ ਇੱਕ ਅਜਿਹਾ ਕੰਮ ਹੈ, ਜੋ ਉਦੇਸ਼ ਗੁਆ ਦਿੰਦਾ ਹੈ ਜਾਂ ਇਹ ਨੂੰ ਪਰਮੇਸ਼ੁਰ ਦੀ ਆਗਿਆ ਦੀ ਉਲੰਘਣਾ ਕਰਨ ਦਾ ਕਾਰਣ ਬਣਦਾ ਹੈ।

## ਕੁਧਰਮ ਪੀੜ੍ਹੀਆਂ ਤੋਂ ਚੱਲਦਾ ਆ ਰਿਹਾ ਸੀ ਹੈ

ਪਰਮੇਸ਼ੁਰ ਨੇ ਕਿਹਾ ਕਿ ਇਹ ਕੁਧਰਮ ਸੀ ਜੋ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਆਉਂਦਾ ਹੈ। ਕੋਈ ਪਾਪ ਕਰਦਾ ਹੈ, ਪਰ ਉਹ ਕੁਧਰਮ ਨੇ ਜੋ ਉਸ ਨੂੰ ਪਾਪ ਕਰਨ ਲਈ ਪ੍ਰੇਰਿਤ ਕੀਤਾ ਉਹੀ ਹੈ, ਜੋ ਪੀੜ੍ਹੀਆਂ ਤੋਂ ਚੱਲਦਾ ਆ ਰਿਹਾ ਹੈ। ਅਸੀਂ ਵਿਰਲਾਪ ਗੀਤ 5 ਵਿੱਚ ਪੜ੍ਹਦੇ ਹਾਂ ਕਿ ਉਹ ਕੁਧਰਮ ਜਿਸ ਨੇ ਪਿਤਾਵਾਂ ਤੋਂ ਪਾਪ ਕਰਵਾਇਆ, ਉਹ ਉਨ੍ਹਾਂ ਦੇ ਬੱਚਿਆਂ ਤੱਕ ਪਹੁੰਚ ਗਿਆ।

**ਵਿਰਲਾਪ 5:7**
**ਸਾਡੇ ਪੇਵਾਂ ਨੇ ਪਾਪ ਕੀਤਾ ਅਤੇ ਓਹ ਚੱਲ ਵੱਸੇ ਅਤੇ ਅਸੀਂ ਓਹਨਾਂ ਦੀ ਬਦੀ ਦਾ ਭਾਰ ਚੁੱਕਦੇ ਹਾਂ।**

**ਯਿਰਮਿਯਾਹ 32:17,18**
**17 ਹੇ ਪ੍ਰਭੂ ਯਹੋਵਾਹ, ਵੇਖ! ਤੈਂ ਅਕਾਸ਼ ਅਤੇ ਧਰਤੀ ਨੂੰ ਵੱਡੀ ਸ਼ਕਤੀ ਅਤੇ ਪਸਾਰੀ ਹੋਈ ਬਾਂਹ ਨਾਲ ਬਣਾਇਆ ਅਤੇ ਤੇਰੇ ਲਈ ਕੋਈ ਕੰਮ ਕਠਿਨ ਨਹੀਂ ਹੈ।**
**18 ਤੂੰ ਹਜ਼ਾਰਾਂ ਉੱਤੇ ਦਯਾ ਕਰਦਾ ਹੈਂ ਅਤੇ ਪਿਉ ਦਾਦਿਆਂ ਦੀ ਬਦੀ ਦਾ ਬਦਲਾ ਓਹਨਾਂ ਦੇ ਪਿੱਛੋਂ ਓਹਨਾਂ ਦੇ ਪੁੱਤ੍ਰਾਂ ਦੀ ਝੋਲੀ ਵਿੱਚ ਰੱਖਦਾ ਹੈਂ। ਏਹ ਵੱਡਾ ਅਤੇ ਬਲਵੰਤ ਪਰਮੇਸ਼ੁਰ, ਸੈਨਾਂ ਦਾ ਯਹੋਵਾਹ ਉਹ ਦਾ ਨਾਮ ਹੈ।**

**ਜ਼ਬੂਰ 51:5**
**ਵੇਖ, ਮੈਂ ਬਦੀ ਵਿੱਚ ਜੰਮਿਆਂ,**
**ਅਤੇ ਪਾਪ ਵਿੱਚ ਮੇਰੀ ਮਾਤਾ ਨੇ ਮੈਨੂੰ ਕੁੱਖ ਵਿੱਚ ਲਿਆ।**

ਜਦੋਂ ਅਸੀਂ ਪੈਦਾ ਹੋਏ ਸੀ, ਉਦੋਂ ਤੋਂ ਹੀ ਸਾਡੇ ਅੰਦਰ ਕੁਧਰਮ ਪੈਦਾ ਹੋ ਗਿਆ ਸੀ।

## ਕੀ ਪਰਮੇਸ਼ੁਰ ਨੂੰ ਇਸ ਦੀ ਇਜਾਜ਼ਤ ਦੇਣੀ ਸਹੀ ਸੀ?

ਇਹ ਅਣਉੱਚਿਤ ਜਾਪਦਾ ਹੈ ਕਿ ਪੁਰਖਿਆ ਨੇ ਜੋ ਕੀਤਾ ਹੋਵੇਗਾ, ਉਹ ਦਾ ਦੁੱਖ ਕੋਈ ਹੋਰ ਝੱਲੇ। ਕੋਈ ਇਸ ਦੀ ਵਿਆਖਿਆ ਕਿਵੇਂ ਕਰ ਸਕਦਾ ਹੈ?

ਇਵੇਂ ਲੱਗਦਾ ਹੈ ਕਿ ਪਰਮੇਸ਼ੁਰ ਸਹੀ ਨਹੀਂ ਹੈ ਕਿਉਂਕਿ ਉਹ ਪੁੱਤਰਾਂ ਅਤੇ ਪੋਤੇ-ਪੋਤੀਆਂ ਨੂੰ ਪਿਤਾਵਾਂ ਦੇ ਕੁਧਰਮ ਲਈ ਸਜ਼ਾ ਦਿੰਦਾ ਹੈ। ਇਸ ਤੋਂ ਇਲਾਵਾ, ਅੱਗੇ ਅਸੀਂ ਪੜ੍ਹਦੇ ਹਾਂ ਕਿ ਪਰਮੇਸ਼ੁਰ ਇਹ ਸਪੱਸ਼ਟ ਤੌਰ ‘ਤੇ ਕਹਿੰਦਾ ਹੈ ਕਿ ਜਿਹੜੀ ਜਾਨ ਪਾਪ ਕਰਦੀ ਹੈ ਉਹ ਮਰ ਜਾਵੇਗੀ।

ਆਓ ਦੋਵੇਂ ਆਇਤਾਂ ‘ਤੇ ਨਜ਼ਰ ਮਾਰੀਏ।

**ਬਿਵਸਥਾਸਾਰ 24:16**
**ਪਿਉ ਪੁੱਤ੍ਰਾਂ ਦੇ ਕਾਰਨ ਨਾ ਮਾਰੇ ਜਾਣ, ਨਾ ਪੁੱਤ੍ਰ ਪੇਵਾਂ ਦੇ ਕਾਰਨ ਮਾਰੇ ਜਾਣ। ਹਰ ਮਨੁੱਖ ਆਪਣੇ ਹੀ ਪਾਪ ਲਈ ਮਾਰਿਆ ਜਾਵੇ।**

**ਹਿਜ਼ਕੀਏਲ 18:1-4,20**
**1 ਯਹੋਵਾਹ ਦਾ ਵਚਨ ਮੇਰੇ ਕੋਲ ਆਇਆ ਕਿ**
**2 ਤੁਸੀਂ ਇਸਰਾਏਲ ਦੀ ਭੂਮੀ ਦੇ ਵਿਰੁੱਧ ਕਿਉਂ ਇਹ ਅਖੌਤ ਆਖਦੇ ਹੋ**

**ਕਿ ਪੇਵਾਂ ਨੇ ਖੱਟੇ ਅੰਗੂਰ ਖਾਧੇ**
**ਅਤੇ ਬੱਚਿਆਂ ਦੇ ਦੰਦ ਦੁਖਣ ਲੱਗ ਪਏ?**
**3 ਪ੍ਰਭੂ ਯਹੋਵਾਹ ਦਾ ਵਾਕ ਹੈ, ਮੈਨੂੰ ਆਪਣੀ ਜਾਨ ਦੀ ਸੌਂਹ, ਤੁਸੀਂ ਫੇਰ ਇਸਰਾਏਲ ਵਿੱਚ ਇਹ ਅਖੌਤ ਨਹੀਂ ਆਖੋਗੇ।**
**4 ਵੇਖੋ, ਸਾਰੀਆਂ ਜਾਨਾਂ ਮੇਰੀਆਂ ਹਨ।**
**ਜਿਹੀ ਪਿਉ ਦੀ ਜਾਨ,**
**ਵੈਸੀ ਹੀ ਪੁੱਤ੍ਰ ਦੀ ਜਾਨ ਵੀ ਮੇਰੀ ਹੈ।**
**ਜਿਹੜੀ ਜਾਨ ਪਾਪ ਕਰਦੀ ਹੈ, ਉਹੀ ਮਰੇਗੀ।**
**20 ਜਿਹੜੀ ਜਾਨ ਪਾਪ ਕਰਦੀ ਹੈ, ਉਹੀ ਮਰੇਗੀ। ਪੁੱਤ੍ਰ ਪਿਉ ਦੀ ਬਦੀ ਨਾ ਚੁੱਕੇਗਾ, ਨਾ ਪਿਉ ਪੁੱਤ੍ਰ ਦੀ ਬਦੀ ਚੁੱਕੇਗਾ। ਧਰਮੀ ਦਾ ਧਰਮ ਉਹ ਦੇ ਲਈ ਹੋਵੇਗਾ ਅਤੇ ਦੁਸ਼ਟੀ ਦਾ ਦੁਸ਼ਟ ਉਹ ਦੇ ਉੱਤੇ।**

ਪਿਤਾ ਨੂੰ ਆਪਣੇ ਬੱਚਿਆਂ ਦੇ ਪਾਪਾਂ ਲਈ ਮਰਨਾ ਨਹੀਂ ਪਵੇਗਾ। ਹਰ ਕੋਈ ਆਪਣੇ ਪਾਪਾਂ ਲਈ ਮਰ ਜਾਵੇਗਾ। ਇੱਥੇ “ਪਾਪ” ਲਈ ਇਬਰਾਨੀ ਸ਼ਬਦ *‘ਖਾਤੇ’* ਆਉਂਦਾ ਹੈ, ਜਿਸ ਦਾ ਮਤਲਬ ਹੈ “ਅਪਰਾਧ”।

ਇਹ ਇੱਕ ਉਲਝਣ ਹੋ ਸਕਦੀ ਹੈ। ਹਾਲਾਂਕਿ ਘੱਟੋ-ਘੱਟ ਪੰਜ ਆਇਤਾਂ ਕਹਿੰਦੀਆਂ ਹਨ ਕਿ ਕੁਧਰਮ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਜਾਂਦਾ ਹੈ, ਇਹ ਦੋਵੇਂ ਆਇਤਾਂ ਲਗਭਗ ਵਿਰੋਧ ਰੂਪ ਜਾਪਦੀਆਂ ਹਨ। ਸਾਨੂੰ “ਪਾਪ” ਅਤੇ “ਕੁਧਰਮ” ਦੇ ਵਿਚਕਾਰ ਅੰਤਰ ਨੂੰ ਯਾਦ ਰੱਖਣ ਦੀ ਲੋੜ ਹੈ ਤਾਂ ਜੋ ਇਸ ਦੀ ਸਹੀ ਸਮਝ ਪ੍ਰਾਪਤ ਕੀਤੀ ਜਾ ਸਕੇ।

## ਪਰਮੇਸ਼ੁਰ ਨਿਆਈ ਪਰਮੇਸ਼ੁਰ ਹੈ

ਪਰਮੇਸ਼ੁਰ ਨਿਆਈ ਪਰਮੇਸ਼ੁਰ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਪਰਮੇਸ਼ੁਰ ਨਿਆਈ ਪਰਮੇਸ਼ੁਰ ਹੈ ਅਤੇ ਉਸ ਵਿੱਚ ਕੋਈ ਬੇਇਨਸਾਫ਼ੀ ਨਹੀਂ ਹੈ। ਸਾਨੂੰ ਨਿਆਂ ਦੀ ਪ੍ਰਕਿਰਿਆ ਦੁਆਰਾ ਦਿੱਤੀ ਜਾਣ ਵਾਲੀ "ਸਜ਼ਾ" ਅਤੇ ਗ਼ਲਤ ਕੰਮਾਂ ਦੇ ਜਵਾਬ ਵਜੋਂ ਆਉਣ ਵਾਲੇ "ਨਤੀਜਿਆਂ" ਵਿਚਕਾਰ ਅੰਤਰ ਸਮਝਣ ਦੀ ਜ਼ਰੂਰਤ ਹੈ। ਪਾਪ ਦੀ ਸਜ਼ਾ ਉਸ ਵਿਅਕਤੀ ਨੂੰ ਦਿੱਤੀ ਜਾਂਦੀ ਹੈ ਜਿਸ ਨੇ ਪਾਪ ਕੀਤਾ ਹੈ। ਪਰ ਉਸ ਪਾਪ ਦੇ ਨਤੀਜ਼ੇ ਉਸ ਵਿਅਕਤੀ ਤੋਂ ਇਲਾਵਾ ਹੋਰ ਲੋਕਾਂ ਨੂੰ ਵੀ ਪ੍ਰਭਾਵਿਤ ਕਰਦੇ ਹਨ ਜਿਨ੍ਹਾਂ ਨੇ ਪਾਪ ਕੀਤਾ ਹੈ।

ਇੱਕ ਅਜਿਹੇ ਪਰਿਵਾਰ ਦੀ ਕਲਪਨਾ ਕਰੋ, ਜਿੱਥੇ ਉਨ੍ਹਾਂ ਦੇ ਪਿਤਾ ਇੱਕ

ਵੱਡੀ ਫਰਮ ਵਿੱਚ ਸਭ ਤੋਂ ਉੱਚੇ ਅਹੁਦੇ ‘ਤੇ ਕੰਮ ਕਰਦੇ ਹਨ। ਉਸ ਪਿਤਾ ਨੇ ਵੱਡੀ ਮਾਤਰਾ ਵਿੱਚ ਪੈਸੇ ਦਾ ਗਬਨ ਕੀਤਾ ਹੈ ਅਤੇ ਦੇਸ਼ ਦੇ ਕਾਨੂੰਨ ਨੇ ਉਸ ਨੂੰ ਦੋਸ਼ੀ ਪਾਇਆ ਅਤੇ ਉਸ ਨੂੰ 10 ਸਾਲ ਦੀ ਕੈਦ ਦੀ ਸਜ਼ਾ ਸੁਣਾਈ। ਹਾਲਾਂਕਿ ਉਹ ਇਕੱਲਾ ਹੀ ਇਸ ਪਾਪ ਦੀ ਸਜ਼ਾ ਭੁਗਤਦਾ ਹੈ, ਜੋ ਕਿ 10 ਸਾਲ ਦੀ ਕੈਦ ਹੈ, ਪਰ ਉਸ ਦਾ ਪੂਰਾ ਪਰਿਵਾਰਉਸ ਦੀ ਪਤਨੀ, ਸਾਰੇ ਬੱਚੇ ਅਤੇ ਪੋਤੇ-ਪੋਤੀਆਂ—ਉਸ ਦੇ ਕੁਧਰਮ ਦੇ ਨਤੀਜ਼ੇ ਭੁਗਤਣਗੇ। ਪਰਿਵਾਰਕ ਮੈਂਬਰਾਂ ਨੂੰ ਬਹੁਤ ਭਾਵਨਾਤਮਕ ਦਰਦ ਵਿੱਚੋਂ ਲੰਘਣਾ ਪਵੇਗਾ ਅਤੇ ਪਰਿਵਾਰ ਦੀ ਸਾਖ ਨੂੰ ਵੀ ਠੇਸ ਪਹੁੰਚੇਗੀ। ਇਹ ਸਜ਼ਾ ਨਾਲੋਂ ਵੀ ਭਿਆਨਕ ਨਤੀਜ਼ੇ ਹੁੰਦੇ ਹਨ।

ਬਿਵਸਥਾਸਾਰ 24 ਅਤੇ ਹਿਜ਼ਕੀਏਲ 18 ਵਿੱਚ ਪਰਮੇਸ਼ੁਰ ਪਾਪ ਦੀ ਸਜ਼ਾ ਬਾਰੇ ਕਹਿੰਦਾ ਹੈ—*“ਜਿਹੜੀ ਜਾਨ ਪਾਪ ਕਰਦੀ ਹੈ, ਉਹੀ ਮਰੇਗੀ”* ਪਰ ਹੋਰ ਆਇਤਾਂ ਵਿੱਚ (ਕੂਚ 20:3-6; ਕੂਚ 34:7; ਗਿਣਤੀ 14:18; ਬਿਵਸਥਾਸਾਰ 5:9; ਯਿਰਮਿਯਾਹ 32:18), ਜਿੱਥੇ ਅਸੀਂ ਪੜ੍ਹਦੇ ਹਾਂ ਕਿ ਕੁਧਰਮ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਜਾਂਦਾ ਹੈ, ਪਰ ਉੱਥੇ ਹਵਾਲਾ ਪਾਪ ਦੇ ਨਤੀਜ਼ਿਆਂ ਵੱਲ ਹੈ। ਕੁਝ ਪਾਪ ਹਨ (**ਉਦਾਹਰਣ ਦੇ ਲਈ**: ਮੂਰਤੀ ਪੂਜਾ) ਜਿਸ ਲਈ ਵਿਅਕਤੀ ਨਾ ਸਿਰਫ਼ ਉਸ ਪਾਪ ਦੀ ਸਜ਼ਾ ਸਹਿਣ ਕਰਦਾ ਹੈ, ਪਰ ਵੱਡੇ ਨਤੀਜ਼ੇ ਦਾ ਸਾਹਮਣਾ ਵੀ ਕਰਦਾ ਹੈ। ਇਸ ਦੇ ਦੁਆਰਾ ਸ਼ੈਤਾਨੀ ਗਤੀਵਿਧੀਆਂ ਲਈ ਖੋਲਿਆ ਜਾਂਦਾ ਹੈ, ਜੋ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤੱਕ ਜਾਂਦੇ ਹਨ। ਹਰ ਪੀੜ੍ਹੀ ਨੂੰ ਇਸ ਦੇ ਨਤੀਜ਼ੇ ਭੁਗਤਣੇ ਪੈਣਗੇ। ਇਸ ਲਈ, ਪਰਮੇਸ਼ੁਰ ਨਿਆਈਂ ਹੈ, ਉਹ ਨਿਆਈਂ ਉਦੋਂ ਹੀ ਹੁੰਦਾ ਹੈ, ਜਦੋਂ ਉਹ ਦੁਸ਼ਟਾਂ ਨੂੰ ਸਜ਼ਾ ਦਿੰਦਾ ਹੈ, ਭਾਵੇਂ ਉਸ ਵਿਅਕਤੀ ਦੇ ਪਾਪ ਦੇ ਨਤੀਜ਼ੇ ਅਗਲੀ ਪੀੜ੍ਹੀ ਨੂੰ ਦਿੱਤੇ ਜਾਂਦੇ ਹਨ। ਪਰਮੇਸ਼ੁਰ ਇਸ ਵਿੱਚ ਦਖਲ ਨਹੀਂ ਦੇਵੇਗਾ ਅਤੇ ਇਸ ਨੂੰ ਉਦੋਂ ਤੱਕ ਨਹੀਂ ਰੋਕੇਗਾ ਜਦੋਂ ਤੱਕ ਕੋਈ ਅਧਿਕਾਰ ਨਹੀਂ ਲੈਂਦਾ ਅਤੇ ਸ਼ੁਰੂ ਹੋਏ ਬੰਧਨਾਂ ਨੂੰ ਤੋੜ ਕੇ ਅਜ਼ਾਦੀ ਦਾ ਦਾਅਵਾ ਨਹੀਂ ਕਰਦਾ। ਸਾਨੂੰ ਉਹੀ ਕਰਨਾ ਚਾਹੀਦਾ ਹੈ, ਜੋ ਪਰਮੇਸ਼ੁਰ ਦਾ ਵਚਨ ਕਹਿੰਦਾ ਹੈ ਤਾਂ ਜੋ ਅਸੀਂ ਅਜ਼ਾਦ ਹੋ ਸਕੀਏ।

# 3
# ਪਰਿਵਾਰਕ ਬੰਧਨ ਕਿਵੇਂ ਬਣਦੇ ਹਨ?

## ਸਰਾਪਾਂ ਦਾ ਇੱਕ ਕਾਰਣ ਹੁੰਦਾ ਹੈ

**ਕਹਾਉਤਾਂ 26:2**
**ਜਿਵੇਂ ਚਿੜੀ ਭੌਂਦੀ ਅਤੇ ਬਾਲ ਕਟਾਰਾ ਉੱਡਦਾ ਫਿਰਦਾ ਹੈ,**
**ਓਵੇਂ ਹੀ ਮੱਲੋ-ਮਲੀ ਦਾ ਸਰਾਪ ਨਹੀਂ ਪੈਂਦਾ।**

ਸਰਾਪਾਂ ਦਾ ਇੱਕ ਕਾਰਣ ਹੁੰਦਾ ਹੈ। ਇਹ ਸਿਰਫ਼ ਐਵੇਂ ਹੀ ਨਹੀਂ ਪੈਂਦੇ। ਚਿੜੀਆਂ ਅਤੇ ਬਾਲ ਕਟਾਰਾ ਅਵਾਰਾ ਹੀ ਨਹੀਂ ਉੱਡਦੀਆਂ ਸਗੋਂ ਕਿਸੇ "ਖ਼ਾਸ ਉਦੇਸ਼" ਲਈ ਉੱਡਦੀਆਂ ਹਨ। ਇਸੇ ਤਰ੍ਹਾਂ, ਸਰਾਪ ਐਵੇਂ ਹੀ ਨਹੀਂ ਪੈਂਦੇ ਹਨ, ਪਰ ਆਮ ਤੌਰ 'ਤੇ ਇਸ ਦੇ ਪਿੱਛੇ ਕੋਈ ਨਾ ਕੋਈ ਕਾਰਣ ਹੁੰਦਾ ਹੈ। ਇਸ ਲਈ, ਇੱਕ ਵਾਰ ਜਦੋਂ ਅਸੀਂ ਜਾਣ ਲੈਂਦੇ ਹਾਂ ਕਿ ਸਰਾਪ ਕਿਵੇਂ ਕੰਮ ਕਰਦਾ ਹੈ, ਤਾਂ ਅਸੀਂ ਇਸ ਨੂੰ ਰੋਕਣ ਲਈ ਜ਼ਰੂਰੀ ਸਾਵਧਾਨੀਆਂ ਵਰਤ ਸਕਦੇ ਹਾਂ।

ਆਓ ਅਸੀਂ ਕੁਝ ਕਾਰਣਾਂ 'ਤੇ ਵਿਚਾਰ ਕਰੀਏ ਜੋ ਸਾਡੇ ਜੀਵਨ ਵਿੱਚ ਕੁਧਰਮ ਦੇ ਦਰਵਾਜ਼ੇ ਖੋਲ੍ਹਦੇ ਹਨ ਅਤੇ ਪੀੜ੍ਹੀਆਂ ਦੀ ਗੁਲਾਮੀ ਲਿਆਉਂਦੇ ਹਨ।

### *ਮੂਰਤੀਆਂ ਜਾਂ ਝੂਠੇ ਦੇਵਤਿਆਂ ਦੀ ਪੂਜਾ ਕਰਨਾ*

ਕਿਤਾਬ ਵਿੱਚ ਇਸ ਬਾਰੇ ਪਹਿਲਾਂ ਹੀ ਚਰਚਾ ਕੀਤੀ ਜਾ ਚੁੱਕੀ ਹੈ। ਜਦੋਂ ਕੋਈ ਵਿਅਕਤੀ ਝੂਠੇ ਦੇਵਤਿਆਂ ਅੱਗੇ ਮੱਥਾ ਟੇਕਦਾ ਅਤੇ ਉਨ੍ਹਾਂ ਦੀ ਪੂਜਾ ਕਰਦਾ ਹੈ, ਤਾਂ ਇਹ ਕੁਧਰਮ ਆਉਣ ਵਾਲੀ ਪੀੜ੍ਹੀਆਂ ਵਿੱਚ ਚੱਲਿਆ ਜਾਵੇਗਾ (ਕੂਚ 20:5)।

### *ਕੁਰਬਾਨੀ ਜਾਂ ਸਮਰਪਣ*

ਜਦੋਂ ਕੋਈ ਆਪਣੇ ਬੱਚੇ ਜਾਂ ਪਰਿਵਾਰ ਲਈ ਕਿਸੇ ਅਜਿਹੀ ਚੀਜ਼ ਲਈ ਬਲੀ ਦਿੰਦਾ ਹੈ ਜਾਂ ਸਮਰਪਣ ਕਰਦਾ ਹੈ, ਜਿਸ ਦਾ ਸ਼ਤਾਨੀ ਪ੍ਰਭਾਵ ਹੁੰਦਾ ਹੈ—ਇਹ ਉਸ ਦੇ ਝੂਠੇ ਦੇਵੀ-ਦੇਵਤੇ ਹੋ ਸਕਦਾ ਹੈ—ਇਹ ਪਰਿਵਾਰਕ ਬੰਧਨਾਂ ਦੇ ਲਈ ਦਰਵਾਜ਼ੇ ਖੋਲ੍ਹਦਾ ਹੈ।

## *ਸੁੱਖਣਾਂ*

ਸੁੱਖਣਾ ਇੱਕ ਸੰਕਲਪ ਹੈ, ਜਿਸ ਦੁਆਰਾ ਕੋਈ ਵਿਅਕਤੀ ਆਪਣੇ ਆਪ ਨੂੰ ਕਿਸੇ ਕੰਮ, ਸੇਵਾ ਜਾਂ ਉਦੇਸ਼ ਦੀ ਪੂਰਤੀ ਲਈ ਇੱਕ ਸ਼ਰਤ ਵਜੋਂ ਸੁੱਖਣਾ ਸੁੱਖਦਾ ਹੈ। ਜਿਹੜੀਆਂ ਸੁੱਖਣਾ ਨਕਾਰਾਤਮਕ, ਪਾਪੀ ਅਤੇ ਸਿੱਧੇ ਜਾਂ ਅਸਿੱਧੇ ਤੌਰ 'ਤੇ ਦੁਸ਼ਟ ਆਤਮਾਵਾਂ ਨਾਲ ਜੁੜੀਆਂ ਹੁੰਦੀਆਂ ਹਨ, ਉਹ ਦੁਸ਼ਟ ਆਤਮਾਵਾਂ ਦੇ ਕੰਮ ਅਤੇ ਉਨ੍ਹਾਂ ਦੇ ਬੰਧਨ ਲਈ ਵੀ ਦਰਵਾਜ਼ਾ ਖੋਲ੍ਹਦੀਆਂ ਹਨ। ਉਦਾਹਰਣ ਵਜੋਂ, ਜੇ ਕੋਈ ਵਿਅਕਤੀ ਕਿਸੇ ਮੂਰਤੀ ਦੇ ਸਾਹਮਣੇ ਸੁੱਖਣਾ ਸੁੱਖਦਾ ਹੈ ਕਿ ਜੇ ਉਸ ਨੂੰ ਉਸ ਦੀ ਪ੍ਰਾਰਥਨਾ ਦਾ ਉੱਤਰ ਮਿਲ ਜਾਂਦਾ ਹੈ, ਤਾਂ ਉਹ ਇਸ ਸੁੱਖਣਾਂ ਦੁਆਰਾ ਪੀੜ੍ਹੀਆਂ ਲਈ ਬੰਧਨ ਦੇ ਦਰਵਾਜ਼ੇ ਖੋਲ੍ਹਦਾ ਹੈ।

## *ਪਾਪੀ ਕੰਮ*

ਜਿਹੜੇ ਪਾਪ ਕਬੂਲ ਨਹੀਂ ਕੀਤੇ ਜਾਂਦੇ, ਉਹ ਸ਼ਤਾਨੀ ਕੰਮਾਂ ਲਈ ਦਰਵਾਜ਼ੇ ਖੋਲ੍ਹਦੇ ਹਨ। ਇਸ ਦੀ ਇੱਕ ਵਧੀਆ ਮਿਸਾਲ ਰਾਜਾ ਦਾਊਦ ਹੈ (2 ਸਮੂਏਲ 12), ਜਿਸ ਨੇ ਬਥਸ਼ਬਾ ਨੂੰ ਪ੍ਰਾਪਤ ਕਰਨ ਦੀ ਆਪਣੀ ਇੱਛਾ ਨੂੰ ਪੂਰਾ ਕਰਨ ਲਈ ਕਤਲ ਅਤੇ ਵਿਭਚਾਰ ਕੀਤਾ ਸੀ। ਨਬੀ ਨਾਥਾਨ ਨੇ ਉਸ ਨੂੰ ਚੇਤਾਵਨੀ ਦਿੱਤੀ ਕਿ ਇਸ ਪਾਪੀ ਕੰਮ ਕਰਕੇ ਉਸ ਦੇ ਪਰਿਵਾਰ ਤੋਂ ਤਲਵਾਰ ਕਦੇ ਨਹੀਂ ਹਟਾਈ ਜਾਵੇਗੀ।

**2 ਸਮੂਏਲ 12:9-13**

**9 ਸੋ ਤੈਂ ਯਹੋਵਾਹ ਦੀ ਆਗਿਆ ਨੂੰ ਤੁੱਛ ਜਾਣ ਕੇ ਉਸ ਦੇ ਅੱਗੇ ਕਾਹਨੂੰ ਬੁਰਿਆਈ ਕੀਤੀ ਕਿਉਂ ਜੋ ਤੈਂ ਹਿੱਤੀ ਊਰਿੱਯਾਹ ਨੂੰ ਤਲਵਾਰ ਨਾਲ ਵਢਵਾਇਆ ਅਤੇ ਉਸ ਦੀ ਪਤਨੀ ਨੂੰ ਲੈ ਕੇ ਆਪਣੀ ਪਤਨੀ ਬਣਾਇਆ ਅਰ ਉਸ ਨੂੰ ਅੰਮੋਨੀਆਂ ਦੀ ਤਲਵਾਰ ਨਾਲ ਵੱਢਾ ਸੁੱਟਿਆ?**

**10 ਸੋ ਹੁਣ ਤੇਰੇ ਘਰ ਉੱਤੋਂ ਤਲਵਾਰ ਕਦੀ ਨਾ ਹਟੇਗੀ ਕਿਉਂ ਜੋ ਤੈਂ ਮੈਨੂੰ ਤੁੱਛ ਜਾਣਿਆ ਅਤੇ ਹਿੱਤੀ ਊਰਿੱਯਾਹ ਦੀ ਪਤਨੀ ਨੂੰ ਲੈ ਕੇ ਆਪਣੀ ਪਤਨੀ ਬਣਾਇਆ।**

**11 ਯਹੋਵਾਹ ਐਉਂ ਆਖਦਾ ਹੈ ਭਈ ਵੇਖ ਮੈਂ ਇੱਕ ਬਦੀ ਨੂੰ ਤੇਰੇ ਆਪਣੇ ਘਰ ਵਿੱਚੋਂ ਹੀ ਤੇਰੇ ਉੱਤੇ ਪਾਵਾਂਗਾ ਅਤੇ ਮੈਂ ਤੇਰੀਆਂ ਪਤਨੀਆਂ ਨੂੰ ਲੈ ਕੇ ਤੇਰੀਆਂ ਅੱਖੀਆਂ ਦੇ ਸਾਹਮਣੇ ਤੇਰੇ ਗੁਆਂਢੀ ਨੂੰ ਦਿਆਂਗਾ ਅਤੇ ਉਹ ਇਸ ਸੂਰਜ ਦੇ ਸਾਹਮਣੇ ਤੇਰੀਆਂ ਪਤਨੀਆਂ ਦੇ ਨਾਲ ਸੰਗ ਕਰੇਗਾ।**

**12 ਕਿਉਂ ਜੋ ਤੈਂ ਇਹ ਗੱਲ ਲੁਕ ਕੇ ਕੀਤੀ ਪਰ ਮੈਂ ਸਾਰੇ ਇਸਰਾਏਲ ਦੇ ਸਾਹਮਣੇ ਖੁੱਲ੍ਹਮ-ਖੁਲ੍ਹਾ ਏਹ ਕਰਾਂਗਾ।**

**13 ਤਦ ਦਾਊਦ ਨੇ ਨਾਥਾਨ ਨੂੰ ਆਖਿਆ, ਮੈਂ ਯਹੋਵਾਹ ਦਾ ਪਾਪ ਕੀਤਾ ਅਤੇ ਨਾਥਾਨ ਨੇ ਦਾਊਦ ਨੂੰ ਆਖਿਆ, ਯਹੋਵਾਹ ਨੇ ਵੀ ਤੇਰਾ ਪਾਪ ਬਖ਼ਸ਼ਿਆ ਹੈ ਸੋ ਤੂੰ ਨਾ ਮਰੇਂਗਾ।**

ਸ਼ਬਦ "ਤਲਵਾਰ" ਤਬਾਹੀ, ਹਿੰਸਾ ਅਤੇ ਮੌਤ ਦੀ ਨਿਸ਼ਾਨੀ ਹੈ। ਆਪਣੇ ਪਾਪੀ ਕੰਮ ਦੁਆਰਾ, ਦਾਊਦ ਨੇ ਆਪਣੇ ਪਰਿਵਾਰ ਵਿੱਚ ਤਬਾਹੀ, ਹਿੰਸਾ ਅਤੇ ਮੌਤ ਦਾ ਦਰਵਾਜ਼ਾ ਖੋਲ੍ਹ ਦਿੱਤਾ। ਦਾਊਦ ਦੇ ਪੁੱਤਰ ਅੰਮੋਨ ਨੇ ਆਪਣੀ ਹੀ ਭੈਣ ਦਾ ਬਲਾਤਕਾਰ ਕੀਤਾ ਅਤੇ ਇੱਕ ਘਿਣਾਉਣਾ ਕੰਮ ਕੀਤਾ। ਉਸ ਦੇ ਦੂਜੇ ਪੁੱਤਰ ਅਬਸ਼ਾਲੋਮ ਨੇ ਆਪਣੇ ਪਿਤਾ ਦੇ ਵਿਰੁੱਧ ਬਗ਼ਾਵਤ ਕੀਤੀ।

ਪਾਪੀ ਕੰਮ ਦਾ ਨਤੀਜ਼ਾ ਕਈ ਵਾਰ ਓਨਾ ਲੰਬਾ ਹੁੰਦਾ ਹੈ ਜਿੰਨਾ ਅਸੀਂ ਕਲਪਨਾ ਨਹੀਂ ਕਰ ਸਕਦੇ। ਉਦਾਹਰਣ ਲਈ, ਜਾਣਬੁੱਝ ਕੇ ਗਰਭਪਾਤ ਕੁਧਰਮ ਲਈ ਤਬਾਹੀ ਦੇ ਦਰਵਾਜ਼ੇ ਖੋਲ੍ਹ ਸਕਦਾ ਹੈ, ਜਿਸ ਤੋਂ ਬਹੁਤ ਸਾਰੀਆਂ ਚੀਜ਼ਾਂ ਤਬਾਹ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਜਦੋਂ ਕੋਈ ਗਰਭਪਾਤ ਕਰਦਾ ਹੈ, ਤਾਂ ਇਹ ਮੌਤ ਦੀ ਆਤਮਾ ਲਈ ਦਰਵਾਜ਼ਾ ਖੋਲ੍ਹ ਸਕਦਾ ਹੈ, ਜਿਸ ਨਾਲ ਹੋਰ ਖੇਤਰਾਂ ਵਿੱਚ ਨੁਕਸਾਨ ਹੋ ਸਕਦਾ ਹੈ, ਉਦਾਹਰਣ ਲਈ, ਕਾਰੋਬਾਰ, ਪੈਸਾ ਆਦਿ। ਜਿਸ ਪਾਪ ਨੂੰ ਕਬੂਲ ਨਹੀਂ ਕੀਤਾ ਜਾਂਦਾ, ਉਹ ਸ਼ਤਾਨੀ ਕੰਮ ਲਈ ਖੁੱਲ੍ਹੇ ਦਰਵਾਜ਼ੇ ਵਜੋਂ ਰਹਿੰਦਾ ਹੈ। ਸਾਡੇ ਲਈ ਆਪਣੇ ਜੀਵਨ ਵਿੱਚ ਇਹ ਜ਼ਰੂਰੀ ਹੈ ਕਿ ਅਸੀਂ ਆਪਣੇ ਪਾਪ ਨੂੰ ਕਬੂਲ ਕਰੀਏ, ਪਸ਼ਚਾਤਾਪ ਕਰੀਏ ਅਤੇ ਉਨ੍ਹਾਂ ਨੂੰ ਤਿਆਗ ਦੇਈਏ। ਇਹ ਸਾਡੀ ਜ਼ਿੰਮੇਵਾਰੀ ਹੈ ਕਿ ਅਸੀਂ ਉਸ ਪਾਪ ਉੱਤੇ ਜਿੱਤ ਪਾਈਏ, ਜੋ ਸਾਡੇ ਜੀਵਨ ਵਿੱਚ ਦਾਖ਼ਲ ਹੋਣ ਦੀ ਉਡੀਕ ਕਰ ਰਿਹਾ ਹੈ। ਸਾਨੂੰ ਕਿਸੇ ਵੀ ਕਿਸਮ ਦੇ ਸ਼ਤਾਨੀ ਕੰਮ ਲਈ ਦਰਵਾਜ਼ਾ ਬੰਦ ਕਰਨਾ ਚਾਹੀਦਾ ਹੈ।

**ਉਤਪਤ 4:7**
**ਜੇ ਤੂੰ ਭਲਾ ਕਰੇਂ ਕੀ ਉਹ ਉਤਾਹਾਂ ਨਾ ਕੀਤਾ ਜਾਵੇ? ਜੇ ਤੂੰ ਭਲਾ ਨਾ ਕਰੇ ਤਾਂ ਪਾਪ ਬੂਹੇ ਉੱਤੇ ਛੈਹ ਵਿੱਚ ਬੈਠਾ ਹੈ ਅਤੇ ਉਹ ਤੈਨੂੰ ਲੋਚਦਾ ਹੈ ਪਰ ਤੂੰ ਉਹ ਦੇ ਉੱਤੇ ਪਰਬਲ ਹੋ।**

ਉਤਪਤ 4:7 ਵਿੱਚ, ਪਰਮੇਸ਼ੁਰ ਨੇ ਕਇਨ ਨਾਲ ਗੱਲ ਕੀਤੀ, ਜਦੋਂ ਉਹ ਬਹੁਤ ਪਰੇਸ਼ਾਨ ਸੀ ਅਤੇ ਆਪਣੇ ਭਰਾ ਨੂੰ ਮਾਰਨ ਲਈ ਤਿਆਰ ਸੀ। ਪਰਮੇਸ਼ੁਰ ਨੇ ਉਸ ਨੂੰ ਉਸ ਪਾਪ ਬਾਰੇ ਚੇਤਾਵਨੀ ਦਿੱਤੀ, ਜੋ ਦਰਵਾਜ਼ੇ 'ਤੇ ਖੜ੍ਹਾ ਉਡੀਕ ਕਰ ਰਿਹਾ ਸੀ ਅਤੇ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਕਰ ਰਿਹਾ ਸੀ। ਪਰਮੇਸ਼ੁਰ ਨੇ ਉਸ ਨੂੰ ਇਸ ਤੇ ਜਿੱਤ ਪਾਉਣ ਲਈ ਕਿਹਾ ਸੀ। ਪਰ ਕਇਨ ਨੇ ਪਾਪ ਨੂੰ ਅੰਦਰ ਦਾਖ਼ਲ ਹੋਣ ਦਿੱਤਾ ਅਤੇ ਕਾਤਲ ਬਣ ਗਿਆ।

## *ਦੁਖਦਾਈ ਘਟਨਾਵਾਂ ਜਾਂ ਤਜ਼ਰਬੇ*

ਭਾਵਨਾਤਮਕ ਜ਼ਖਮਾਂ ਪ੍ਰਤੀ ਨਕਾਰਾਤਮਕ ਪ੍ਰਤੀਕਿਰਿਆਵਾਂ ਸਾਡੇ ਜੀਵਨ ਵਿੱਚ ਅਣਜਾਣ ਡਰਾਂ ਦਾ ਦਰਵਾਜ਼ਾਂ ਖੋਲ੍ਹ ਸਕਦੀਆਂ ਹਨ ਜੋ ਆਉਣ ਵਾਲੀਆਂ ਕਈ ਪੀੜ੍ਹੀਆਂ ਵਿੱਚ ਜ਼ਾਰੀ ਰਹਿ ਸਕਦੀਆਂ ਹਨ। ਉਦਾਹਰਣ ਲਈ, ਜੇ ਕਿਸੇ ਨੇ ਕਾਰ ਹਾਦਸੇ ਦਾ ਸਾਹਮਣਾ ਕੀਤਾ ਹੈ, ਤਾਂ ਉਹ ਭਾਵਨਾਤਮਕ ਤੌਰ 'ਤੇ ਇੰਨਾ ਪਰੇਸ਼ਾਨ ਹੋ ਸਕਦਾ ਹੈ ਕਿ ਡਰ ਦੀ ਭਾਵਨਾ ਉਸ ਵਿਅਕਤੀ ਦੀ ਜ਼ਿੰਦਗੀ ਵਿੱਚ ਦਾਖ਼ਲ ਹੋ ਜਾਂਦੀ ਹੈ। ਉਹ ਵਿਅਕਤੀ ਸੜਕ 'ਤੇ ਯਾਤਰਾ ਕਰਨ ਤੋਂ ਇੰਨਾ ਡਰਿਆ ਹੋ ਸਕਦਾ ਹੈ ਕਿ ਉਹ ਦੁਬਾਰਾ ਘਰ ਦੇ ਅੰਦਰ ਬੈਠਣ ਲਈ ਵੀ ਅਸੁਰੱਖਿਅਤ ਮਹਿਸੂਸ ਕਰ ਸਕਦਾ ਹੈ। ਇਹ ਡਰ ਆਉਣ ਵਾਲੀਆਂ ਪੀੜ੍ਹੀਆਂ ਤੱਕ ਵੀ ਪਹੁੰਚ ਸਕਦਾ ਹੈ ਅਤੇ ਜੀਵਨ ਦੇ ਹੋਰ ਖੇਤਰਾਂ ਨੂੰ ਵੀ ਪ੍ਰਭਾਵਿਤ ਕਰਦਾ ਹੈ। ਕਿਸੇ ਪਿਆਰੇ ਦੀ ਮੌਤ, ਦੁਰਵਿਹਾਰ ਕਰਨਾ, ਜਾਂ ਦੁਖਦਾਈ ਘਟਨਾਵਾਂ ਦਾ ਗਵਾਹ ਬਣਨਾ ਆਦਿ ਹੋਰ ਸਦਮੇ ਦੇ ਤਜ਼ਰਬਿਆਂ ਦੀਆਂ ਘਟਨਾਵਾਂ ਹੋ ਸਕਦੀਆਂ ਹਨ, ਜੋ ਲੋਕਾਂ ਨੂੰ ਗੁਲਾਮੀ ਵਿੱਚ ਲੈ ਜਾਂਦੀਆਂ ਹਨ।

## *ਸਰਾਪ ਅਤੇ ਜਾਦੂ ਟੋਣਾ*

ਸਰਾਪ ਅਤੇ ਜਾਦੂ ਟੋਣਾ ਨਿਸ਼ਚਿਤ ਤੌਰ 'ਤੇ ਸਾਡੇ ਜੀਵਨ ਵਿੱਚ ਪੀੜ੍ਹੀਆਂ ਦੇ ਬੰਧਨਾਂ ਦੇ ਦਰਵਾਜ਼ੇ ਖੋਲ੍ਹਦੇ ਹਨ। ਉਹ ਘੱਟੋ-ਘੱਟ ਤਿੰਨ ਤਰੀਕਿਆਂ ਨਾਲ ਲਾਗੂ ਕੀਤੇ ਜਾਂਦੇ ਹਨ।

### *1) ਆਪਣੇ ਆਪ 'ਤੇ ਬੋਲੇ ਗਏ ਸਰਾਪ*

ਅਣਜਾਣੇ ਵਿੱਚ, ਸਾਡੇ ਆਪਣੇ ਸ਼ਬਦ ਸਰਾਪ ਦਾ ਅਧਾਰ ਹੋ ਸਕਦੇ ਹਨ: ਅਸੀਂ ਬਹੁਤ ਜ਼ਿਆਦਾ ਦਬਾਅ, ਗੁੱਸੇ, ਈਰਖਾ, ਸੱਟ ਅਤੇ ਨਿਰਾਸ਼ਾ ਵਿੱਚ ਕੁਝ ਗੱਲਾਂ ਕਹਿ ਸਕਦੇ ਹਾਂ। ਸਾਡੇ ਸਰੀਰ ਬਾਰੇ ਸਾਡੇ 'ਤੇ ਬੋਲੇ ਗਏ ਸਰਾਪ ਦੂਸਰੇ ਲੋਕਾਂ ਨਾਲ ਸਾਡੀ ਸੰਗਤ ਵਿੱਚ ਰੁਕਾਵਟ ਪਾ ਸਕਦੇ ਹਨ। ਆਪਣੇ ਆਪ 'ਤੇ ਬੋਲੇ ਗਏ ਅਜਿਹੇ ਸਰਾਪ ਲੋਕਾਂ ਨਾਲ ਗੱਲਬਾਤ ਕਰਨ ਅਤੇ ਜ਼ਿੰਦਗੀ ਦੇ ਕੁਝ ਤਜ਼ਰਬਿਆਂ ਦਾ ਅਨੰਦ ਲੈਣ ਦੀ ਸਾਡੀ ਯੋਗਤਾ ਵਿੱਚ ਰੁਕਾਵਟ ਪਾ ਸਕਦੇ ਹਨ।

ਇਸ ਨਾਲ ਸੰਬੰਧਿਤ ਹੇਠਾਂ ਲਿਖੀਆਂ ਕੁਝ ਉਦਾਹਰਣਾਂ:

- "ਮੈਂ ਆਪਣੇ ਪਿਤਾ ਜਾਂ ਮਾਂ ਵਰਗਾ ਨਹੀਂ ਹੋਵਾਂਗਾ" (ਕੋਈ ਅਜਿਹਾ ਵਿਅਕਤੀ ਜਿਸ ਦੇ ਬਚਪਨ ਦੀਆਂ ਯਾਦਾਂ ਦੁਖਦਾਈ ਹਨ)।

- "ਮੇਰੇ ਕਦੇ ਬੱਚੇ ਨਹੀਂ ਹੋਣਗੇ" (ਇੱਕ ਵਿਅਕਤੀ ਜੋ ਬੱਚਿਆਂ ਦੇ ਛੋਟੇ ਸਕੂਲ ਜਾਂ ਬੱਚਿਆਂ ਦੇ ਚਰਚ ਵਿੱਚ ਕੰਮ ਕਰਦਾ ਹੈ ਅਤੇ ਉਨ੍ਹਾਂ ਨਾਲ ਕੰਮ ਕਰਨਾ ਮੁਸ਼ਕਿਲ ਮਹਿਸੂਸ ਕਰਦਾ ਹੈ)।
- "ਮੇਰੇ ਬੱਚੇ ਬੁਰੇ ਹਨ" (ਜਦੋਂ ਮਾਪੇ ਕਹਿੰਦੇ ਰਹਿੰਦੇ ਹਨ ਕਿ ਉਨ੍ਹਾਂ ਦੇ ਬੱਚੇ ਬਹੁਤ ਬੁਰੇ ਹਨ, ਤਾਂ ਉਹ ਬੁਰੇ ਹੋ ਸਕਦੇ ਹਨ)।
- "ਮੈਂ ਕਦੇ ਵੀ ਆਪਣੇ ਆਪ ਨੂੰ ਸੈਕਸ ਦਾ ਅਨੰਦ ਨਹੀਂ ਲੈਣ ਦੇਵਾਂਗਾ" (ਸਰੀਰਕ ਕਾਮਨਾ ਅਤੇ ਸਰੀਰਕ ਸ਼ੋਸ਼ਣ ਦੇ ਸ਼ਿਕਾਰ)।
- "ਮੈਂ ਮਰਦਾਂ (ਔਰਤਾਂ) ਨੂੰ ਨਫ਼ਰਤ ਕਰਦਾ ਹਾਂ।"
- "ਮੈਂ ਦੁਬਾਰਾ ਕਦੇ ਵੀ ਕਿਸੇ ਹੋਰ ਆਦਮੀ (ਔਰਤ) ਨੂੰ ਆਪਣੀ ਜ਼ਿੰਦਗੀ ਵਿੱਚ ਇੰਨੇ ਨੇੜੇ ਨਹੀਂ ਆਉਣ ਦੇਵਾਂਗਾ" (ਟੁੱਟੇ ਰਿਸ਼ਤੇ ਤੋਂ ਬਾਅਦ)।

### *2) ਪਿੱਛਲੀ ਪੀੜ੍ਹੀ ਦੁਆਰਾ ਲਏ ਗਏ ਸਰਾਪ*

ਪਿੱਛਲੀ ਪੀੜ੍ਹੀ ਦੁਆਰਾ ਜਾਣਬੁੱਝ ਕੇ ਲਏ ਗਏ ਸਰਾਪ ਅਗਲੀ ਪੀੜ੍ਹੀ ਨੂੰ ਪ੍ਰਭਾਵਿਤ ਕਰਦੇ ਹਨ।

**ਮੱਤੀ 27:25**
**ਅਤੇ ਸਾਰੇ ਲੋਕਾਂ ਨੇ ਉੱਤਰ ਦਿੱਤਾ, ਉਹ ਦਾ ਲਹੂ ਸਾਡੇ ਉੱਤੇ ਅਰ ਸਾਡੀ ਉਲਾਦ ਉੱਤੇ ਹੋਵੇ।**

### *3) ਵਿਅਕਤੀਆਂ / ਪਰਿਵਾਰਕ ਮੈਂਬਰਾਂ 'ਤੇ ਬੋਲੇ / ਕਰਵਾਏ ਜਾਣ ਵਾਲੇ ਜਾਦੂ-ਟੋਣੇ*

ਉਹ ਵਿਅਕਤੀ ਜੋ ਜਾਦੂਗਰੀ ਵਿੱਚ ਲੱਗਾ ਹੋਇਆ ਹੈ, ਉਹ ਜਾਣਬੁੱਝ ਕੇ ਵਿਅਕਤੀਆਂ ਜਾਂ ਪੂਰੇ ਪਰਿਵਾਰਾਂ ਨੂੰ ਜਾਦੂ ਦੇ ਪ੍ਰਭਾਵ ਦੇ ਵਿੱਚ ਪਾ ਸਕਦਾ ਹੈ ਅਤੇ ਇਹ ਪੀੜ੍ਹੀ ਦੇ ਬੰਧਨ ਦੇ ਦਰਵਾਜ਼ੇ ਖੋਲ੍ਹਦਾ ਹੈ।

### *4) ਇੱਕ ਪਰਿਵਾਰਕ ਵਿਰਾਸਤ (ਵਸਤੂ) ਦੀ ਮੌਜੂਦਗੀ ਜੋ ਇੱਕ ਘਿਣਾਉਣੀ ਹੈ*

ਜਿਸ ਨੂੰ ਪਰਿਵਾਰ ਦੀ ਵਿਰਾਸਤ ਮੰਨਿਆ ਜਾ ਸਕਦਾ ਹੈ, ਜਿਸ ਨੂੰ ਘਰ ਦਾ ਹਰ ਮੈਂਬਰ ਰੱਖਣਾ ਚਾਹੁੰਦਾ ਹੈ, ਪਰ ਇਹ ਅਸਲ ਵਿੱਚ ਸਰਾਪ ਲਿਆ ਸਕਦਾ ਹੈ, ਪਰ ਜੇ ਇਹ ਕਿਸੇ ਜਾਦੂਗਰੀ ਦੇ ਅਭਿਆਸ ਵਿੱਚ ਕਿਸੇ ਝੂਠੇ ਦੇਵਤੇ ਨੂੰ ਸਮਰਪਿਤ ਕੀਤੀ ਗਈ ਹੋਵੇ, ਤਾਂ ਇਹ ਅਸਲ ਵਿੱਚ ਇੱਕ ਸਰਾਪ ਦੇ ਰੂਪ ਵਿੱਚ

ਹੋ ਸਕਦੀ ਹੈ। ਕਿਸੇ ਵਸਤੂ ਦੇ ਪਿਛੋਕੜ ਤੋਂ ਅਣਜਾਣ ਹੋਣਾ ਅਤੇ ਇਸ ਨੂੰ ਘਰ ਵਿੱਚ ਲਿਆਉਣਾ ਅਤੇ ਇਸ ਨਾਲ ਆਪਣੇ ਘਰਾਂ ਨੂੰ ਸਜਾਉਣਾ ਗੁਲਾਮੀ ਵੱਲ ਲੈ ਜਾ ਸਕਦਾ ਹੈ।

**ਬਿਵਸਥਾਸਾਰ 7:25,26**

**25"ਤੁਸੀਂ ਓਹਨਾਂ ਦਿਆਂ ਦੇਵਤਿਆਂ ਦੀਆਂ ਉੱਕਰੀਆਂ ਹੋਈਆਂ ਮੂਰਤੀਆਂ ਨੂੰ ਅੱਗ ਵਿੱਚ ਸਾੜ ਸੁੱਟੋ ਪਰ ਤੁਸੀਂ ਉਸ ਚਾਂਦੀ ਸੋਨੇ ਦਾ ਜਿਹੜਾ ਓਹਨਾਂ ਦੇ ਉੱਤੇ ਹੈ ਲੋਭ ਨਾ ਕਰੋ, ਨਾ ਉਹ ਆਪਣੇ ਲਈ ਲਓ ਮਤੇ ਤੁਸੀਂ ਓਹਨਾਂ ਦੇ ਫੰਦੇ ਵਿੱਚ ਫਸ ਜਾਓ ਕਿਉਂ ਜੋ ਏਹ ਯਹੋਵਾਹ ਤੁਹਾਡੇ ਪਰਮੇਸ਼ੁਰ ਦੇ ਲਈ ਇੱਕ ਘਿਣਾਉਣੀ ਚੀਜ਼ ਹੈ।"**

**26ਤੁਸੀਂ ਕੋਈ ਘਿਣਾਉਣੀ ਚੀਜ਼ ਆਪਣੇ ਘਰ ਨੂੰ ਨਾ ਲਿਆਓ ਮਤੇ ਤੁਸੀਂ ਉਸ ਵਾਂਙੁ ਹਰਾਮ ਹੋ ਜਾਓ। ਤੁਸੀਂ ਉਸ ਤੋਂ ਨਫ਼ਰਤ ਹੀ ਨਫ਼ਰਤ ਅਤੇ ਘਿਣ ਹੀ ਘਿਣ ਕਰੋ ਕਿਉਂ ਜੋ ਉਹ ਇੱਕ ਹਰਾਮ ਚੀਜ਼ ਹੈ।**

## *5) ਪਰਿਵਾਰਾਂ ਦੇ ਮੁਖੀਆਂ (ਪਿਤਾਵਾਂ) ਦੇ ਫੈਸਲੇ*

ਮਾਪਿਆਂ ਦੁਆਰਾ ਲਏ ਗਏ ਫੈਸਲੇ ਬਹੁਤ ਮਹੱਤਵਪੂਰਣ ਹੁੰਦੇ ਹਨ, ਕਿਉਂਕਿ ਉਹ ਆਪਣੇ ਪਰਿਵਾਰਾਂ ਦੇ ਆਤਮਿਕ ਮੁਖੀ ਹੁੰਦੇ ਹਨ। ਕਈ ਵਾਰ, ਪੁਰਖਿਆਂ ਦੇ ਬੰਧਨ ਜਾਦੂਗਰੀ ਅਤੇ ਕੁਝ ਧਾਰਮਿਕ ਸੰਗਠਨਾਂ ਵਿੱਚ ਸ਼ਮੂਲੀਅਤ ਦੇ ਕਾਰਨ ਹੁੰਦੇ ਹਨ। ਜੋ ਕਿਸੇ ਜੋਤਸ਼ੀ ਕੋਲ ਹਾਨੀਕਾਰਕ ਮੁਲਾਕਾਤ ਵਾਂਗ ਜਾਪਦਾ ਹੈ, ਉਹ ਅਸਲ ਵਿੱਚ ਪੀੜ੍ਹੀ ਦੇ ਬੰਧਨ ਦਾ ਦਰਵਾਜ਼ਾ ਖੋਲ੍ਹ ਸਕਦਾ ਹੈ। ਪਰਿਵਾਰ ਦੇ ਮੁਖੀ ਦੁਆਰਾ ਜੋਤਿਸ਼-ਵਿੱਦਿਆ, ਹੱਥ ਵਿਖਾਉਣਾ, ਕੁੰਡਲੀ, ਸੰਮੋਹਨ-ਵਿੱਦਿਆ, ਫ੍ਰੀਮੈਸਨਰੀ, ਤਾਬੀਜ਼ ਪਹਿਨਣਾ, ਜਨਮ ਦੇ ਪੱਥਰ, ਟੇਵੇ ਅਤੇ ਇਸ ਤਰ੍ਹਾਂ ਦੀਆਂ ਹੋਰ ਚੀਜ਼ਾਂ ਵਿੱਚ ਸ਼ਮੂਲੀਅਤ ਬੱਚਿਆਂ ਦੇ ਜੀਵਨ ਵਿੱਚ ਸ਼ਤਾਨੀ ਕੰਮਾਂ ਦੇ ਲਈ ਦਰਵਾਜ਼ੇ ਖੋਲ੍ਹ ਸਕਦੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਦਿੱਤੀ ਜਾ ਸਕਦੀ ਹੈ।

# 4
# ਨਿੱਜੀ ਅਤੇ ਪਰਿਵਾਰਕ ਬੰਧਨਾਂ ਨੂੰ ਪਛਾਣਨਾ

**ਯੂਹੰਨਾ 10:10**
**ਚੋਰ ਨਹੀਂ ਆਉਂਦਾ ਪਰ ਇਸ ਲਈ ਜੋ ਚੁਰਾਵੇ ਅਰ ਵੱਢੇ ਅਤੇ ਨਾਸ ਕਰੇ। ਮੈਂ ਇਸ ਲਈ ਆਇਆ ਭਈ ਉਨ੍ਹਾਂ ਨੂੰ ਜੀਉਣ ਮਿਲੇ ਸਗੋਂ ਚੋਖਾ ਮਿਲੇ।**

ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਭਰਪੂਰ ਜੀਵਨ ਬਤੀਤ ਕਰੀਏ। ਇਹ ਸ਼ਤਾਨ ਹੈ ਜੋ ਚੋਰੀ ਕਰਦਾ ਹੈ, ਮਾਰਦਾ ਹੈ ਅਤੇ ਨਾਸ ਕਰਦਾ ਹੈ।

ਪਰਿਵਾਰਕ ਬੰਧਨ ਦੇ ਵੱਖ-ਵੱਖ ਤਰੀਕਿਆਂ ਨੂੰ ਸਮਝਣ ਦੇ ਬਾਅਦ, ਸਾਨੂੰ ਇਹ ਦੇਖਣ ਲਈ ਆਪਣੇ ਜੀਵਨ ਅਤੇ ਆਪਣੇ ਪਰਿਵਾਰਾਂ ਨੂੰ ਵੇਖਣ ਦੀ ਜ਼ਰੂਰਤ ਹੈ ਕਿ ਪੀੜ੍ਹੀ ਦੇ ਬੰਧਨ ਦੇ ਕੀ ਸੰਕੇਤ ਹਨ। ਆਓ ਅਸੀਂ ਆਪਣੇ ਜੀਵਨ ਦੀ ਆਤਮਿਕ ਸਰਵੇਖਣ ਕਰੀਏ ਅਤੇ ਫਿਰ ਵਿਅਕਤੀਗਤ ਅਤੇ ਪੀੜ੍ਹੀਆਂ ਦੀਆਂ ਰੁਕਾਵਟਾਂ ਨੂੰ ਤੋੜਨ ਲਈ ਇੱਕ ਕਦਮ ਚੁੱਕੀਏ।

## ਕਾਰਣ ਅਤੇ ਪ੍ਰਭਾਵ ਹਮੇਸ਼ਾ ਸਿੱਧੇ ਤੌਰ ‘ਤੇ ਜੁੜੇ ਨਹੀਂ ਹੋ ਸਕਦੇ

ਸਾਨੂੰ ਇਹ ਸਮਝਣ ਦੀ ਲੋੜ ਹੈ ਕਿ ਇਸ ਦਾ ਕਾਰਣ ਅਤੇ ਪ੍ਰਭਾਵ ਹਮੇਸ਼ਾ ਸਿੱਧੇ ਤੌਰ ‘ਤੇ ਜੁੜੇ ਨਹੀਂ ਹੋ ਸਕਦੇ। ਉਦਾਹਰਣ ਲਈ, ਕੋਈ ਅਜਿਹਾ ਵਿਅਕਤੀ ਹੋ ਸਕਦਾ ਹੈ, ਜੋ ਕਿਸੇ ਵੀ ਨੌਕਰੀ ਉੱਤੇ ਨਹੀਂ ਟਿਕਦਾ ਹੈ। ਇਹ ਸੰਭਵ ਹੈ ਕਿ ਉਹ ਹਰ ਛੇ ਮਹੀਨਿਆਂ ਬਾਅਦ ਆਪਣੀ ਨੌਕਰੀ ਬਦਲਦਾ ਹੈ। ਇਸ ਕਿਸਮ ਦੇ ਹਲਾਤ ਵਿੱਚ, ਵਿਅਕਤੀ ਨੂੰ ਧਿਆਨ ਨਾਲ ਵੇਖਣਾ ਚਾਹੀਦਾ ਹੈ ਕਿ ਇਸ ਦਾ ਕਾਰਣ ਕੀ ਹੈ। ਉਦਾਹਰਣ ਲਈ, ਅਸੀਂ ਅਜਿਹੇ ਵਿਅਕਤੀ ਬਾਰੇ ਪਤਾ ਲਗਾ ਸਕਦੇ ਹਾਂ ਕਿ ਉਸ ਨੂੰ ਦੂਜੇ ਲੋਕਾਂ ਪ੍ਰਤੀ ਦੁਸ਼ਮਣੀ ਦੀਆਂ ਭਾਵਨਾਵਾਂ ਹਨ ਅਤੇ ਕੰਮ ਵਾਲੀ ਥਾਂ ‘ਤੇ ਦੂਸਰੇ ਲੋਕਾਂ ਨਾਲ ਲੜਦਾ ਹੈ। ਸਹਿਕਰਮੀਆਂ ਦੇ ਨਾਲ ਦੁਸ਼ਮਣੀ ਰੱਖਣ ਦਾ ਇੱਕ ਕਾਰਣ ਹੋ ਸਕਦਾ ਹੈ, ਪਰ ਇਸ ਦਾ ਪ੍ਰਭਾਵ ਇਹ ਹੁੰਦਾ ਹੈ ਕਿ ਉਹ ਲੰਬੇ ਸਮੇਂ ਤੋਂ ਇੱਕ ਜਗ੍ਹਾ ‘ਤੇ ਕੰਮ ਕਰਨ ਦੇ ਯੋਗ ਨਹੀਂ ਹੈ। ਇਸ ਵਿਅਕਤੀ ਦੇ ਜੀਵਨ ਵਿੱਚ ਹਿੰਸਾ ਦੀ ਭਾਵਨਾ ਹੋ ਸਕਦੀ ਹੈ, ਜਿਸ ਨਾਲ ਉਹ ਆਪਣੇ ਸਹਿ-ਕਰਮਚਾਰੀਆਂ ਅਤੇ ਆਪਣੇ ਆਲੇ-ਦੁਆਲੇ ਦੇ ਲੋਕਾਂ ਨਾਲ

ਤਾਲਮੇਲ ਵਿੱਚ ਰਹਿਣ ਦੇ ਅਯੋਗ ਹੋ ਜਾਂਦਾ ਹੈ।

ਇੱਕ ਹੋਰ ਉਦਾਹਰਣ ‘ਤੇ ਵਿਚਾਰ ਕਰੋ ਜਿੱਥੇ ਕਿਸੇ ਖ਼ਾਸ ਪਰਿਵਾਰ ਵਿੱਚ ਬੇਕਾਬੂ ਗੁੱਸੇ ਦਾ ਇੱਕ ਪੀੜ੍ਹੀ ਬੰਧਨ ਹੁੰਦਾ ਹੈ। ਇਸ ਪਰਿਵਾਰ ਵਿੱਚ, ਇੱਕ ਨੌਜਵਾਨ ਵਿਆਹ ਕਰਵਾ ਲੈਂਦਾ ਹੈ ਅਤੇ ਉਹ ਵਿਅਕਤੀ ਇਸ ਤਰ੍ਹਾਂ ਦੇ ਵਿਹਾਰ ਨੂੰ ਜ਼ਾਰੀ ਰੱਖਦਾ ਹੈ ਅਤੇ ਨਤੀਜ਼ੇ ਵਜੋਂ, ਉਸ ਦਾ ਵਿਆਹ ਟੁੱਟ ਜਾਂਦਾ ਹੈ ਅਤੇ ਆਖ਼ਰਕਾਰ ਤਲਾਕ ਹੋ ਜਾਂਦਾ ਹੈ। ਇਸ ਦਾ ਕਾਰਣ ਪੀੜ੍ਹੀ ਦਾ ਬੰਧਨ ਹੈ, ਜੋ ਗ਼ੈਰ ਕੁਦਰਤੀ ਗੁੱਸਾ ਹੈ, ਪਰ ਇਸ ਦਾ ਕਾਰਣ ਵਿਆਹ ਦਾ ਟੁੱਟਣਾ ਹੈ।

ਸਾਨੂੰ ਆਪਣੇ ਜੀਵਨ ਦੀ ਜਾਂਚ ਕਰਨ ਲਈ ਸਮਾਂ ਕੱਢਣਾ ਚਾਹੀਦਾ ਹੈ ਕਿ ਕੀ ਸਾਡੀ ਨਿੱਜੀ ਜ਼ਿੰਦਗੀ ਜਾਂ ਪਰਿਵਾਰਾਂ ਵਿੱਚ ਕੋਈ ਬੰਧਨ ਹੈ। ਸਾਨੂੰ ਇਸ ਮਾਮਲੇ ਵਿੱਚ ਆਪਣੇ ਪਰਿਵਾਰਾਂ ਅਤੇ ਆਪਣੀ ਨਿੱਜੀ ਜ਼ਿੰਦਗੀ ਦੀ ਜਾਂਚ ਕਰਨੀ ਚਾਹੀਦੀ ਹੈ। ਆਓ ਅਸੀਂ ਆਪਣੇ ਪਰਿਵਾਰਾਂ ਦੇ ਹਰੇਕ ਮੈਂਬਰ ਬਾਰੇ ਸੋਚੀਏ ਅਤੇ ਇਹ ਪਛਾਣਨ ਲਈ ਬਾਰ-ਬਾਰ ਆਉਣ ਵਾਲੇ ਵਿਚਾਰ ਦੀ ਪਛਾਣ ਕਰਨ ਦੀ ਕੋਸ਼ਿਸ਼ ਕਰੀਏ ਕਿ ਕੀ ਕੋਈ ਅਣਉਚਿਤ ਵਿਚਾਰ ਜਾਂ ਬਾਰ-ਬਾਰ ਆਉਣ ਵਾਲੀਆਂ ਸਮੱਸਿਆਵਾਂ ਤਾਂ ਨਹੀਂ ਹਨ। ਸ਼ਾਇਦ, ਸਾਡੇ ਦਾਦਾ ਜੀ ਦੀ ਪੀੜ੍ਹੀ ਵਿੱਚ ਅਚਾਣਕ ਮੌਤ ਹੋ ਸਕਦੀ ਸੀ। ਫਿਰ ਹੋ ਸਕਦਾ ਹੈ ਕਿ ਕਿਸੇ ਚਾਚਾ ਦੀ ਵੀ ਨੌਜਵਾਨੀ ਉਮਰ ਵਿੱਚ ਹੀ ਮੌਤ ਹੋ ਗਈ ਹੋਵੇ ਅਤੇ ਹੁਣ, ਅਸੀਂ ਆਪਣੀ ਪੀੜ੍ਹੀ ਵਿੱਚ ਅਜਿਹਾ ਹੋਣ ਦੇ ਡਰ ਵਿੱਚ ਰਹਿ ਰਹੇ ਹਾਂ। ਜੇ ਕੋਈ ਅਜਿਹੀ ਚੀਜ਼ ਪਛਾਣਦੇ ਹੈ ਜੋ ਪੀੜ੍ਹੀ ਦੀ ਅਸਫ਼ਲਤਾ ਵਰਗੀ ਜਾਪਦੀ ਹੈ, ਤਾਂ ਸਾਨੂੰ ਉਸ ਦਰਵਾਜ਼ੇ ਨੂੰ ਬੰਦ ਕਰਨਾ ਚਾਹੀਦਾ ਹੈ। ਅਜਿਹਾ ਕਰਕੇ, ਆਓ ਅਸੀਂ ਇਹ ਨਿਸ਼ਚਤ ਕਰੀਏ ਕਿ ਇਹ ਅਗਲੀ ਪੀੜ੍ਹੀ ਤੱਕ ਨਾ ਪਹੁੰਚੇ। ਜੇ ਅਸੀਂ ਕਿਸੇ ਅਜਿਹੀ ਚੀਜ਼ ਦੇ ਦੋਸ਼ੀ ਹਾਂ, ਜੋ ਗੁਲਾਮੀ ਦੇ ਦਰਵਾਜ਼ੇ ਖੋਲ੍ਹ ਸਕਦੀ ਹੈ, ਤਾਂ ਸਾਨੂੰ ਪਸ਼ਚਾਤਾਪ ਕਰਨਾ ਚਾਹੀਦਾ ਹੈ, ਇਸ ਨੂੰ ਤਿਆਗਣਾ ਚਾਹੀਦਾ ਹੈ ਅਤੇ ਅਜ਼ਾਦ ਹੋਣਾ ਚਾਹੀਦਾ ਹੈ!

## ਅਸੀਂ ਅਜ਼ਾਦ ਹੋ ਸਕਦੇ ਹਾਂ!

ਚੰਗੀ ਖ਼ਬਰ ਇਹ ਹੈ ਕਿ ਜਦੋਂ ਅਸੀਂ ਸਚਿਆਈ ਨੂੰ ਜਾਣਾਂਗੇ, ਤਾਂ ਸਚਿਆਈ ਸਾਨੂੰ ਅਜ਼ਾਦ ਕਰ ਦੇਵੇਗੀ। ਯਿਸੂ ਮਸੀਹ ਸਾਨੂੰ ਅਜ਼ਾਦ ਕਰ ਸਕਦਾ ਹੈ!

**ਯੂਹੰਨਾ 8:32,36**
**32 ਅਰ ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ।**
**36 ਇਸ ਲਈ ਜੇ ਪੁੱਤ੍ਰ ਤੁਹਾਨੂੰ ਅਜ਼ਾਦ ਕਰੇ ਤਾਂ ਠੀਕ ਤੁਸੀਂ ਅਜ਼ਾਦ ਹੋਵੋਗੇ।**

# 5
# ਅਸੀਂ ਇਸ ਤੋਂ ਕਿਵੇਂ ਅਜ਼ਾਦ ਹੋ ਸਕਦੇ ਹਾਂ?

## ਸਾਡੀ ਅਜ਼ਾਦੀ ਦਾ ਅਧਿਕਾਰ ਸਲੀਬ ਉੱਤੇ ਪ੍ਰਾਪਤ ਕੀਤਾ ਗਿਆ ਹੈ

**1 ਯੂਹੰਨਾ 3:8**
**ਜਿਹੜਾ ਪਾਪ ਕਰਦਾ ਹੈ ਉਹ ਸ਼ਤਾਨ ਤੋਂ ਹੈ ਕਿਉਂ ਜੋ ਸ਼ਤਾਨ ਮੁੱਢੋਂ ਹੀ ਪਾਪ ਕਰਦਾ ਆਇਆ ਹੈ। ਪਰਮੇਸ਼ੁਰ ਦਾ ਪੁੱਤ੍ਰ ਇਸੇ ਲਈ ਪਰਗਟ ਹੋਇਆ ਭਈ ਸ਼ਤਾਨ ਦੇ ਕੰਮਾਂ ਨੂੰ ਨਸ਼ਟ ਕਰੇ।**

ਸਾਡੀ ਅਜ਼ਾਦੀ ਸਲੀਬ 'ਤੇ ਪ੍ਰਾਪਤ ਕੀਤੀ ਜਾ ਚੁੱਕੀ ਹੈ। ਯਿਸੂ ਸ਼ਤਾਨ ਦੇ ਹਰ ਕੰਮ ਨੂੰ ਨਸ਼ਟ ਕਰਨ ਲਈ ਆਇਆ ਸੀ, ਭਾਵੇਂ ਇਹ ਸਾਡੇ ਜੀਵਨ ਵਿੱਚ ਕਿਸੇ ਵੀ ਤਰੀਕੇ ਨਾਲ ਆਇਆ ਹੋਵੇ। ਯਿਸੂ ਸੰਸਾਰ ਵਿੱਚ ਕਿਉਂ ਆਇਆ? ਯਿਸੂ ਸਾਨੂੰ ਕੋਈ ਨਵਾਂ ਧਰਮ ਜਾਂ ਸੋਚਣ ਲਈ ਨਵਾਂ ਗਿਆਨ ਦੇਣ ਲਈ ਨਹੀਂ ਆਇਆ ਸੀ। ਉਹ ਹਰ ਕਿਸੇ ਦੇ ਜੀਵਨ ਵਿੱਚ ਸ਼ਤਾਨ ਦੇ ਕੰਮਾਂ ਨੂੰ ਨਸ਼ਟ ਕਰਨ ਲਈ ਆਇਆ ਸੀ। ਸਾਨੂੰ ਆਪਣੇ ਜੀਵਨ ਵਿੱਚ ਸ਼ਤਾਨ ਦੇ ਕੰਮਾਂ ਨੂੰ ਬਰਦਾਸ਼ਤ ਕਰਨ ਦੀ ਲੋੜ ਨਹੀਂ ਹੈ।

ਅੱਜ ਸੰਸਾਰ ਵਿੱਚ ਬਹੁਤ ਸਾਰੇ ਲੋਕ ਹਨ, ਜੋ ਸਾਨੂੰ ਨਵੇਂ ਫ਼ਲਸਫ਼ੇ, ਵਿਚਾਰ ਅਤੇ ਧਰਮ ਦਿੰਦੇ ਹਨ। ਪਰ ਉਨ੍ਹਾਂ ਵਿੱਚੋਂ ਕੋਈ ਵੀ ਖੜ੍ਹਾ ਹੋ ਕੇ ਇਹ ਨਹੀਂ ਕਹਿ ਸਕਦਾ, "ਮੈਂ ਸ਼ਤਾਨ ਦੇ ਕੰਮਾਂ ਨੂੰ ਨਸ਼ਟ ਕਰ ਸਕਦਾ ਹਾਂ।" ਸਿਰਫ਼ ਯਿਸੂ ਇਕੱਲਾ ਹੀ ਅਜਿਹਾ ਕਰ ਸਕਦਾ ਹੈ।

**ਇਬਰਾਨੀਆਂ 2:14**
**ਸੋ ਜਦ ਬਾਲਕ ਲਹੂ ਅਤੇ ਮਾਸ ਵਿੱਚ ਸਾਂਝੀ ਹੁੰਦੇ ਹਨ ਤਾਂ ਉਨ੍ਹਾਂ ਵਾਂਙੁ ਉਹ ਆਪ ਵੀ ਇਨ੍ਹਾਂ ਹੀ ਵਿੱਚ ਭਿਆਲ ਬਣਿਆ ਤਾਂ ਜੋ ਮੌਤ ਦੇ ਰਾਹੀਂ ਉਹ ਉਸ ਨੂੰ ਜਿਹਦੇ ਵੱਸ ਵਿੱਚ ਮੌਤ ਹੈ ਅਰਥਾਤ ਸ਼ਤਾਨ ਨੂੰ ਨਾਸ਼ ਕਰੇ।**

ਯਿਸੂ ਨੇ ਆਪਣੀ ਮੌਤ ਦੁਆਰਾ ਉਸ (ਸ਼ਤਾਨ) ਨੂੰ ਨਸ਼ਟ ਕਰ ਦਿੱਤਾ ਜਿਸ ਕੋਲ ਮੌਤ ਦੀ ਸ਼ਕਤੀ ਸੀ ਅਤੇ ਉਸ ਨੂੰ ਸ਼ਕਤੀਹੀਣ ਬਣਾ ਦਿੱਤਾ। ਸਲੀਬ ਹਾਰ ਦਾ ਸਥਾਨ ਨਹੀਂ ਸੀ, ਪਰ ਸਲੀਬ ਇਤਿਹਾਸ ਦੀ ਸਭ ਤੋਂ ਵੱਡੀ ਜਿੱਤ ਦਾ ਸਥਾਨ ਹੈ। ਇਹ ਸਲੀਬ 'ਤੇ ਸੀ ਕਿ ਯਿਸੂ ਨੇ ਸ਼ਤਾਨ ਨੂੰ ਹਰਾਇਆ। ਉਸ ਨੂੰ

ਆਪਣੇ ਲਈ ਅਜਿਹਾ ਕਰਨ ਦੀ ਲੋੜ ਨਹੀਂ ਸੀ, ਕਿਉਂਕਿ ਉਹ ਸ਼ਤਾਨ ਨਾਲੋਂ ਵੱਡਾ ਸੀ, ਹੈ ਅਤੇ ਹਮੇਸ਼ਾ ਰਹੇਗਾ। ਉਸ ਨੇ ਇਹ ਸਾਡੇ ਲਈ ਕੀਤਾ ਹੈ—ਸਾਡਾ ਨੁਮਾਇੰਦਾ ਹੋਣ ਦੇ ਨਾਤੇ ਅਤੇ ਸਾਡੇ ਥਾਂ ਤੇ।

**ਕੁਲੁੱਸੀਆਂ 2:14,15**
**14 ਅਤੇ ਉਸ ਲਿਖਤ ਨੂੰ ਜਿਹੜੀ ਹੁਕਮਾਂ ਕਰਕੇ ਸਾਡੇ ਉਲਟ ਅਤੇ ਸਾਡੇ ਵਿਰੁੱਧ ਸੀ ਉਸ ਨੇ ਮੇਸ ਦਿੱਤਾ ਅਤੇ ਉਹ ਨੂੰ ਸਲੀਬ ਉੱਤੇ ਕਿੱਲਾਂ ਨਾਲ ਠੋਕ ਕੇ ਵਿੱਚੋਂ ਚੁੱਕ ਸੁੱਟਿਆ।"**
**15 ਉਹ ਨੇ ਹਕੂਮਤਾਂ ਅਤੇ ਇਖ਼ਤਿਆਰਾਂ ਨੂੰ ਆਪਣੇ ਗਲੋਂ ਲਾਹ ਕੇ ਅਤੇ ਉਸੇ ਦੇ ਦੁਆਰਾ ਓਹਨਾਂ ਨੂੰ ਫ਼ਤਹਿ ਕਰ ਕੇ ਖੁੱਲਮ-ਖੁੱਲਾ ਤਮਾਸ਼ਾ ਬਣਾਇਆ।**

ਹਕੂਮਤਾਂ ਅਤੇ ਇਖ਼ਤਿਆਰਾਂ ਸ਼ਤਾਨ ਅਤੇ ਦੁਸ਼ਟ ਆਤਮਾਵਾਂ ਹਨ। ਯਿਸੂ ਨੇ ਉਨ੍ਹਾਂ ਨੂੰ ਸਲੀਬ 'ਤੇ ਪੂਰੀ ਤਰ੍ਹਾਂ ਸ਼ਕਤੀਹੀਣ ਅਤੇ ਨਿਹੱਥੇ ਕਰ ਦਿੱਤਾ ਅਤੇ ਉਨ੍ਹਾਂ 'ਤੇ ਪੂਰੀ ਜਿੱਤ ਪ੍ਰਾਪਤ ਕੀਤੀ।

**ਅਫ਼ਸੀਆਂ 6:12**
**ਕਿਉਂ ਜੋ ਸਾਡੀ ਲੜਾਈ ਲਹੂ ਅਤੇ ਮਾਸ ਨਾਲ ਨਹੀਂ ਸਗੋਂ ਹਕੂਮਤਾਂ ਇਖ਼ਤਿਆਰਾਂ ਅਤੇ ਅੰਧਘੋਰ ਦੇ ਮਹਾਰਾਜਿਆਂ ਅਤੇ ਦੁਸ਼ਟ ਆਤਮਿਆਂ ਨਾਲ ਹੁੰਦੀ ਹੈ ਜੋ ਸੁਰਗੀ ਥਾਵਾਂ ਵਿੱਚ ਹਨ।**

ਯਿਸੂ ਨੇ ਸ਼ਤਾਨ ਅਤੇ ਉਸ ਦੀ ਹਕੂਮਤ ਨੂੰ ਨਿਹੱਥਾ ਅਤੇ ਸ਼ਕਤੀਹੀਣ ਕਰ ਦਿੱਤਾ ਕਰਕੇ ਸਲੀਬ 'ਤੇ ਜਿੱਤ ਪ੍ਰਾਪਤ ਕੀਤੀ ਅਤੇ ਉਨ੍ਹਾਂ ਦਾ ਖੁੱਲਮ-ਖੁੱਲਾ ਤਮਾਸ਼ਾ ਬਣਾਇਆ। ਇਹੀ ਯਿਸੂ ਅੱਜ ਸਾਡੇ ਸੰਸਾਰ ਵਿੱਚ ਦਾਖ਼ਲ ਹੋ ਸਕਦਾ ਹੈ ਅਤੇ ਅੱਜ ਸਾਨੂੰ ਕਿਸੇ ਵੀ ਸ਼ਤਾਨੀ ਬੰਧਨ ਤੋਂ ਪੂਰੀ ਤਰ੍ਹਾਂ ਅਜ਼ਾਦ ਕਰ ਸਕਦਾ ਹੈ।

## ਇਸ ਦਾ ਤੁਹਾਡੇ ਅਤੇ ਮੇਰੇ ਲਈ ਕੀ ਮਤਲਬ ਹੈ?

**ਕੁਲੁੱਸੀਆਂ 1:13,14**
**13 ਅਤੇ ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤ੍ਰ ਦੇ ਰਾਜ ਵਿੱਚ ਪਹੁੰਚਾ ਦਿੱਤਾ।**
**14 ਉਸ ਦੇ ਵਿੱਚ ਸਾਨੂੰ ਨਿਸਤਾਰਾ ਅਰਥਾਤ ਪਾਪਾਂ ਦੀ ਮਾਫ਼ੀ ਮਿਲਦੀ ਹੈ।**

ਇਸ ਤਰ੍ਹਾਂ, ਉਸ ਨੇ ਸਾਨੂੰ ਅੰਧਕਾਰ (ਸ਼ਤਾਨ) ਦੇ ਰਾਜ ਅਤੇ ਅਧਿਕਾਰ ਤੋਂ ਮੁਕਤ ਕਰ ਦਿੱਤਾ ਹੈ। ਜਿਸ ਪਲ ਤੋਂ ਅਸੀਂ ਪ੍ਰਭੂ ਯਿਸੂ ਮਸੀਹ ਵਿੱਚ ਆਪਣਾ ਵਿਸ਼ਵਾਸ ਰੱਖਦੇ ਹਾਂ, ਸਾਡੇ ਉੱਤੇ ਸ਼ਤਾਨ ਦਾ ਕਾਨੂੰਨੀ ਅਧਿਕਾਰ ਖ਼ਤਮ ਹੋ

ਜਾਂਦਾ ਹੈ ਕਿਉਂਕਿ ਸਾਨੂੰ ਬਚਾ ਲਿਆ ਗਿਆ ਹੈ ਅਤੇ ਅਜ਼ਾਦ ਕਰ ਦਿੱਤਾ ਗਿਆ ਹੈ। ਸਾਨੂੰ ਰਾਜ ਵਿੱਚ ਦਾਖ਼ਲ ਕਰਵਾਇਆ ਗਿਆ ਹੈ। ਇਸ ਲਈ ਅਸੀਂ ਯਿਸੂ ਮਸੀਹ ਦੇ ਰਾਜ ਦੇ ਨਾਗਰਿਕ ਹਾਂ। ਅਸੀਂ ਸ਼ਤਾਨ ਦੇ ਰਾਜ ਦੇ ਨਾਗਰਿਕ ਨਹੀਂ ਹਾਂ। ਅਤੇ ਇਸ ਕਰਕੇ ਅੰਧਕਾਰ ਦੀ ਸ਼ਕਤੀ ਦਾ ਸਾਡੇ ਜੀਵਨ 'ਤੇ ਅਧਿਕਾਰ ਨਹੀਂ ਹੈ ਅਤੇ ਨਾ ਹੀ ਇਹ ਸਾਡੀ ਆਤਮਾ, ਪ੍ਰਾਣ ਅਤੇ ਸਰੀਰ ਤੇ ਕੋਈ ਦਾਅਵਾ ਕਰਦਾ ਹੈ। ਇੱਕੋ-ਇੱਕ ਅਧਿਕਾਰ ਜੋ ਸ਼ਤਾਨ ਨੂੰ ਸਾਡੀ ਜਿੰਦਗੀ ਵਿੱਚ ਮਿਲ ਸਕਦਾ ਹੈ ਉਹ ਹੈ ਉਸ ਪਹੁੰਚ ਦੁਆਰਾ ਜੋ ਅਸੀਂ ਉਸ ਨੂੰ ਦਿੰਦੇ ਹਾਂ। ਵਚਨ ਸਾਨੂੰ ਚੇਤਾਵਨੀ ਦਿੰਦਾ ਹੈ, *"ਅਤੇ ਨਾ ਸ਼ਤਾਨ ਨੂੰ ਥਾਂ ਦਿਓ।"* (ਅਫ਼ਸੀਆਂ 4:27)। ਇਸ ਲਈ ਦਰਵਾਜ਼ਾ ਬੰਦ ਰੱਖੋ। ਸ਼ਤਾਨ ਨੂੰ ਆਪਣੀ ਜ਼ਿੰਦਗੀ ਵਿੱਚ ਦਾਖ਼ਲ ਨਾ ਹੋਣ ਦਿਓ!

## ਲਹੂ ਦੀ ਸਮਰੱਥ

**1 ਪਤਰਸ 1:18,19**

**18 ਕਿਉਂ ਜੋ ਤੁਸੀਂ ਜਾਣਦੇ ਹੋ ਭਈ ਤਸੀਂ ਜੋ ਆਪਣੀ ਅਕਾਰਥ ਚਾਲ ਤੋਂ ਜਿਹੜੀ ਤੁਹਾਡੇ ਵੱਡਿਆਂ ਤੋਂ ਚੱਲੀ ਆਈ ਹੈ ਨਿਸਤਾਰਾ ਪਾਇਆ ਸੋ ਨਾਸ਼ਵਾਨ ਵਸਤਾਂ ਅਰਥਾਤ ਚਾਂਦੀ ਸੋਨੇ ਨਾਲ ਨਹੀਂ।**
**19 ਸਗੋਂ ਮਸੀਹ ਦੇ ਅਮੋਲਕ ਲਹੂ ਨਾਲ ਪਾਇਆ ਜਿਹੜਾ ਨਿਹਕਲੰਕ ਅਤੇ ਬੇਦਾਗ਼ ਲੇਲੇ ਦੀ ਨਿਆਈਂ ਸੀ।**

ਪਤਰਸ ਦੀ ਚਿੱਠੀ ਏਸ਼ੀਆ ਖੇਤਰ ਦੇ ਰੋਮਨ ਪ੍ਰਾਂਤਾਂ ਵਿੱਚ ਫੈਲੇ ਯਹੂਦੀ ਅਤੇ ਗ਼ੈਰ-ਯਹੂਦੀ ਮਸੀਹੀਆਂ, ਅਤੇ ਕਲੀਸਿਆਵਾਂ ਨੂੰ ਲਿਖੀ ਗਈ ਸੀ, ਪਤਰਸ ਯਹੂਦੀਆਂ ਅਤੇ ਗ਼ੈਰ-ਯਹੂਦੀ ਮਸੀਹੀਆਂ ਨੂੰ ਦੱਸਦਾ ਹੈ ਕਿ ਅਸੀਂ ਉਸ ਉਦੇਸ਼ ਰਹਿਤ ਜ਼ਿੰਦਗੀ ਤੋਂ ਮੁਕਤ ਹੋ ਗਏ ਹਾਂ ਜੋ ਸਾਡੇ ਪੁਰਖਿਆਂ ਨੇ ਸਾਨੂੰ ਦਿੱਤੀ ਸੀ। ਪਤਰਸ ਜਿਸ ਛੁਟਕਾਰੇ ਦੀ ਗੱਲ ਕਰ ਰਿਹਾ ਹੈ, ਉਹ ਹੈ ਮੂਰਤੀਆਂ ਦਾ ਖਾਲੀਪਣ, ਵਹਿਮਾਂ-ਭਰਮਾਂ ਅਤੇ ਫ਼ਰੀਸੀਆਂ ਦੇ ਰੀਤੀ-ਰਿਵਾਜ਼।

ਯਿਸੂ ਦੇ ਲਹੂ ਨੇ ਸਾਡੇ ਲਈ ਬਹੁਤ ਸਾਰੇ ਕੰਮ ਕੀਤੇ ਹਨ—ਇਸ ਨੇ ਸਾਨੂੰ ਸਾਡੇ ਪਾਪਾਂ ਤੋਂ ਸਾਫ਼ ਕੀਤਾ ਹੈ ਅਤੇ ਸਾਨੂੰ ਸ਼ਤਾਨ ਦੀ ਸ਼ਕਤੀ ਤੋਂ ਮੁਕਤ ਕੀਤਾ ਹੈ। ਮਸੀਹ ਦੇ ਲਹੂ ਨੇ ਸਾਨੂੰ ਉਸ ਵਿਅਰਥ ਜੀਵਨ-ਸ਼ੈਲੀ ਤੋਂ ਵੀ ਮੁਕਤ ਕਰ ਦਿੱਤਾ ਹੈ ਜੋ ਸਾਡੇ ਪੁਰਖਿਆਂ ਦੁਆਰਾ ਸਾਨੂੰ ਦਿੱਤੀ ਗਈ ਸੀ। ਸਾਡੇ ਪੁਰਖਿਆਂ ਦੇ ਵੰਸ਼ ਜਾਂ ਜੀਵਨ-ਸ਼ੈਲੀ ਦੁਆਰਾ, ਜਿਨ੍ਹਾਂ ਨੇ ਪੂਜਾ ਦੀਆਂ ਕੁਝ ਕਿਸਮਾਂ ਕਰਕੇ ਦੁਸ਼ਟ ਦੇ ਪ੍ਰਭਾਵ ਦੇ ਦਰਵਾਜ਼ੇ ਖੋਲ੍ਹੇ ਹੋਣ, ਪ੍ਰਭੂ ਯਿਸੂ ਮਸੀਹ ਦਾ ਲਹੂ ਸਾਨੂੰ

ਅਜ਼ਾਦ ਕਰਦਾ ਹੈ। ਸਲੀਬ 'ਤੇ ਵਹਾਇਆ ਮਸੀਹ ਦਾ ਲਹੂ ਸਾਨੂੰ ਸ਼ਤਾਨ ਦੇ ਹਰ ਬੰਧਨ, ਪਾਪੀ ਜੀਵਨ, ਕੁਧਰਮੀ ਵਿਹਾਰ, ਸੁੱਖਣਾਂ, ਸਮਰਪਣਾਂ ਅਤੇ ਸਾਡੇ ਪੁਰਖਿਆਂ ਦੇ ਸਰਾਪਾਂ ਤੋਂ ਅਜ਼ਾਦ ਹੋਣ ਦਾ ਅਧਿਕਾਰ ਦਿੰਦਾ ਹੈ।

## ਕੈਦ ਦੇ ਦਰਵਾਜ਼ੇ ਖੁੱਲ੍ਹੇ ਹਨ—ਤੁਹਾਨੂੰ ਅਜ਼ਾਦੀ ਵਿੱਚ ਦਾਖ਼ਲ ਹੋਣ ਲਈ ਬਾਹਰ ਜਾਣਾ ਚਾਹੀਦਾ ਹੈ

ਕੈਦ ਦੇ ਦਰਵਾਜ਼ੇ ਖੁੱਲ੍ਹੇ ਹਨ, ਪਰ ਸਾਨੂੰ ਅਜ਼ਾਦੀ ਵੱਲ ਵੱਧਣਾ ਚਾਹੀਦਾ ਹੈ। ਯਿਸੂ ਨੇ ਉਹ ਸਭ ਕੁਝ ਕੀਤਾ ਜੋ ਉਸ ਨੂੰ ਸਾਡੀ ਅਜ਼ਾਦੀ ਲਈ ਕਰਨ ਦੀ ਲੋੜ ਹੈ। ਉਸ ਦਾ ਲਹੂ ਵਹਾਇਆ ਗਿਆ ਹੈ। ਉਸ ਨੇ ਸ਼ੈਤਾਨ ਦੇ ਕੰਮਾਂ ਨੂੰ ਨਸ਼ਟ ਕਰ ਦਿੱਤਾ ਹੈ ਅਤੇ ਉਸ ਨੂੰ ਜਿੱਤ ਲਿਆ ਹੈ। ਪਰ ਸਾਨੂੰ ਦਰਵਾਜ਼ੇ ਤੋਂ ਬਾਹਰ ਆਉਣਾ ਪਵੇਗਾ ਅਤੇ ਆਪਣੀ ਅਜ਼ਾਦੀ ਨੂੰ ਕਬੂਲ ਕਰਨ ਅਤੇ ਪ੍ਰਾਪਤ ਕਰਨ ਦੀ ਜ਼ਰੂਰਤ ਹੈ। ਯਿਸੂ ਨੇ ਆਖਿਆ, *"ਅਰ ਸਚਿਆਈ ਨੂੰ ਜਾਣੋਗੇ ਅਤੇ ਸਚਿਆਈ ਤੁਹਾਨੂੰ ਅਜ਼ਾਦ ਕਰੇਗੀ। ਇਸ ਲਈ ਜੇ ਪੁੱਤ੍ਰ ਤੁਹਾਨੂੰ ਅਜ਼ਾਦ ਕਰੇ ਤਾਂ ਠੀਕ ਤੁਸੀਂ ਅਜ਼ਾਦ ਹੋਵੋਗੇ"* (ਯੂਹੰਨਾ 8:32,36)। ਅਗਿਆਨਤਾ ਸਾਨੂੰ ਬੰਧਨ ਵਿੱਚ ਰੱਖਦੀ ਹੈ। ਪਰ ਸਚਾਈ ਨੂੰ ਜਾਣਨਾ ਸਾਨੂੰ ਅਜ਼ਾਦੀ ਨਾਲ ਚੱਲਣ ਦਾ ਮੌਕਾ ਦਿੰਦਾ ਹੈ।

## ਤੁਸੀਂ ਧੰਨ ਹੋ!

**ਅਫ਼ਸੀਆਂ 1:3**

**ਮੁਬਾਰਕ ਹੋਵੇ ਸਾਡੇ ਪ੍ਰਭੁ ਯਿਸੂ ਮਸੀਹ ਦਾ ਪਰਮੇਸ਼ੁਰ ਅਤੇ ਪਿਤਾ ਜਿਹ ਨੇ ਮਸੀਹ ਵਿੱਚ ਸੁਰਗੀ ਥਾਵਾਂ ਵਿੱਚ ਸਭ ਪ੍ਰਕਾਰ ਦੀਆਂ ਆਤਮਿਕ ਬਰਕਤਾਂ ਨਾਲ ਸਾਨੂੰ ਬਰਕਤ ਦਿੱਤੀ।**

ਪਰਮੇਸ਼ੁਰ ਨੇ ਤੁਹਾਨੂੰ ਸਵਰਗ ਤੋਂ ਆਉਣ ਵਾਲੀ ਹਰ ਬਰਕਤ ਦਿੱਤੀ ਹੈ। ਸਵਰਗ ਤੋਂ ਆਉਣ ਵਾਲੀ ਹਰ ਆਤਮਿਕ ਬਰਕਤ ਤੁਹਾਡੀ ਹੈ, ਕਿਉਂਕਿ ਪਰਮੇਸ਼ੁਰ ਚਾਹੁੰਦਾ ਹੈ ਕਿ ਤੁਸੀਂ ਬਰਕਤ ਪ੍ਰਾਪਤ ਕਰੋ। ਪਰਮੇਸ਼ੁਰ ਤੁਹਾਡੇ ਨਾਲ ਹੈ, ਤੁਹਾਡੇ ਵਿਰੁੱਧ ਨਹੀਂ।

## ਸਾਰੇ ਦਰਵਾਜ਼ੇ ਪੱਕੇ ਤੌਰ 'ਤੇ ਬੰਦ ਕਰੋ

**ਮੱਤੀ 12:43-45**

**43 ਪਰ ਜਾਂ ਭ੍ਰਿਸ਼ਟ ਆਤਮਾ ਮਨੁੱਖ ਤੋਂ ਨਿੱਕਲ ਗਿਆ ਹੋਵੇ ਤਾਂ ਸੁੱਕਿਆਂ ਥਾਵਾਂ ਵਿੱਚ ਅਰਾਮ ਭਾਲਦਾ ਫਿਰਦਾ ਹੈ ਪਰ ਨਹੀਂ ਲੱਭਦਾ।**

**44 ਤਦ ਉਹ ਆਖਦਾ ਹੈ ਭਈ ਮੈਂ ਆਪਣੇ ਘਰ ਜਿੱਥੋਂ ਨਿੱਕਲਿਆ ਸਾਂ ਮੁੜ ਜਾਵਾਂਗਾ ਅਤੇ ਆਣ**

**ਕੇ ਉਹ ਨੂੰ ਵਿਹਲਾ ਅਤੇ ਝਾੜਿਆ ਸੁਆਰਿਆ ਹੋਇਆ ਵੇਖਦਾ ਹੈ**
**45 ਤਦ ਉਹ ਜਾ ਕੇ ਹੋਰ ਸੱਤ ਆਤਮੇ ਆਪਣੇ ਨਾਲੋਂ ਵੀ ਭੈੜੇ ਸੰਗ ਲਿਆਉਂਦਾ ਹੈ ਅਤੇ ਓਹ ਅੰਦਰ ਵੜ ਕੇ ਉੱਥੇ ਵੱਸਦੇ ਹਨ। ਤਾਂ ਉਸ ਮਨੁੱਖ ਦਾ ਪਿਛਲਾ ਹਾਲ ਪਹਿਲੇ ਨਾਲੋਂ ਬੁਰਾ ਹੁੰਦਾ ਹੈ। ਇਸ ਬੁਰੀ ਪੀੜ੍ਹੀ ਦੇ ਲੋਕਾਂ ਦਾ ਵੀ ਠੀਕ ਇਹੋ ਜਿਹਾ ਹਾਲ ਹੋਵੇਗਾ।**

ਯਿਸੂ ਇਸ ਬਾਰੇ ਸਮਝ ਦਿੰਦਾ ਹੈ ਕਿ ਦੁਸ਼ਮਣ ਕਿਵੇਂ ਕੰਮ ਕਰਦਾ ਹੈ। ਜਦੋਂ ਦੁਸ਼ਟ ਆਤਮਾ ਨੂੰ ਉਸ ਦੇ ਰਾਜ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ, ਜਿਸ ਤੇ ਉਨ੍ਹਾਂ ਨੇ ਕਬਜਾ ਕਰ ਲਿਆ ਸੀ ਤਾਂ ਉਹ ਦੁਬਾਰਾ ਵਾਪਸ ਆਉਣ ਦੀ ਕੋਸ਼ਿਸ਼ ਕਰਦੀਆਂ ਹਨ। ਇਸ ਲਈ ਇਹ ਬਹੁਤ ਮਹੱਤਵਪੂਰਣ ਹੈ ਕਿ ਦਰਵਾਜ਼ੇ ਬੰਦ ਰੱਖੇ ਜਾਣ। ਉਦਾਹਰਣ ਦੇ ਲਈ, ਜੇ ਤੁਸੀਂ ਕਦੇ ਅਸ਼ਲੀਲਤਾ ਦਾ ਦਰਵਾਜ਼ਾ ਖੋਲ੍ਹਿਆ ਸੀ ਅਤੇ ਬਾਅਦ ਵਿੱਚ ਉਸ ਨੂੰ ਤੋੜਨ ਲਈ ਪਸ਼ਾਚਾਤਾਪ ਕੀਤਾ ਸੀ, ਪਰ ਦਰਵਾਜ਼ੇ ਬੰਦ ਰੱਖਣ ਦੀ ਬਜਾਇ, ਤੁਸੀਂ ਥੋੜ੍ਹੀ ਜਿਹੀ ਅਸ਼ਲੀਲਤਾ ਵਿੱਚ ਡੁੱਬ ਜਾਂਦੇ ਹੋ, ਤਾਂ ਇਹ ਸੰਭਾਵਨਾ ਹੈ ਕਿ ਤੁਸੀਂ ਪਹਿਲਾਂ ਨਾਲੋਂ ਵਧੇਰੇ ਮੁਸੀਬਤ ਵਿੱਚ ਹੋਵੋਗੇ। ਇਹ ਇਸ ਲਈ ਹੈ ਕਿਉਂਕਿ ਜਦੋਂ ਦੁਸ਼ਮਣ ਦੁਬਾਰਾ ਵਾਪਸ ਆਉਂਦਾ ਹੈ, ਤਾਂ ਉਹ ਵਧੇਰੇ ਤੇਜ਼ੀ ਨਾਲ ਆਉਂਦਾ ਹੈ। ਜਦੋਂ ਤੁਸੀਂ ਕੁਝ ਬੰਧਨਾਂ ਨੂੰ ਤਿਆਗ ਦਿੰਦੇ ਹੋ, ਤਾਂ ਦੁਸ਼ਮਣ ਤੁਹਾਡੇ 'ਤੇ ਉਨ੍ਹਾਂ ਹੀ ਖੇਤਰਾਂ ਵਿੱਚ ਹਮਲਾ ਕਰੇਗਾ, ਜਿੱਥੋਂ ਤੁਸੀਂ ਉਸ ਨੂੰ ਹਟਾਉਣ ਦਾ ਫੈਸਲਾ ਕੀਤਾ ਹੈ। ਇਸ ਸ਼ੁੱਧਤਾ ਦਾ ਪ੍ਰਭਾਵ ਉਦੋਂ ਤੱਕ ਰਹਿੰਦਾ ਹੈ ਜਦੋਂ ਤੱਕ ਤੁਸੀਂ ਉਸ ਨੂੰ ਦੁਬਾਰਾ ਦਾਖ਼ਲ ਨਹੀਂ ਹੋਣ ਦਿੰਦੇ, ਉਨ੍ਹਾਂ ਨਿਰੰਤਰ ਪਾਪਾਂ ਦੁਆਰਾ ਜੋ ਤੁਸੀਂ ਕਰਦੇ ਹੋ। ਸਾਨੂੰ ਉਨ੍ਹਾਂ ਸਾਰੇ ਦਰਵਾਜ਼ਿਆਂ ਨੂੰ ਪੱਕੇ ਤੌਰ 'ਤੇ ਬੰਦ ਕਰਨਾ ਚਾਹੀਦਾ ਹੈ ਜਿਨ੍ਹਾਂ ਰਾਹੀਂ ਦੁਸ਼ਟ ਆਤਮਾਵਾਂ ਸਾਡੇ ਜੀਵਨ ਵਿੱਚ ਦਾਖ਼ਲ ਹੁੰਦੀਆਂ ਹਨ।

## ਆਪਣੇ ਅਤੇ ਆਪਣੇ ਪੁਰਖਿਆਂ ਦੇ ਪਾਪਾਂ ਦਾ ਪਸ਼ਾਚਾਤਾਪ ਕਰਨਾ ਅਤੇ ਉਨ੍ਹਾਂ ਨੂੰ ਤਿਆਗਣਾ

**ਲੇਵੀਆਂ 26:39-42**

**39 ਅਤੇ ਉਹ ਜੋ ਤੁਹਾਡੇ ਵਿੱਚੋਂ ਰਹਿਣਗੇ ਸੋ ਤੁਹਾਡੇ ਵੈਰੀਆਂ ਦੇ ਦੇਸ਼ਾਂ ਵਿੱਚ ਬਦੀ ਕਰਦੇ-ਕਰਦੇ ਲਿੱਸੇ ਪੈ ਜਾਣਗੇ, ਨਾਲੇ ਆਪਣੇ ਪਿਉ ਦਾਦਿਆਂ ਦੀਆਂ ਬਦੀਆਂ ਵਿੱਚ ਲਿੱਸੇ ਪੈ ਜਾਣਗੇ**
**40 ਜੇ ਉਹ ਆਪਣੀ ਬਦੀ ਨੂੰ ਅਤੇ ਆਪਣੇ ਪਿਉ ਦਾਦਿਆਂ ਦੀ ਬਦੀ ਨੂੰ, ਨਾਲੇ ਆਪਣੀ ਬੇਈਮਾਨੀ ਨੂੰ ਜਿਸ ਕਰਕੇ ਉਨ੍ਹਾਂ ਨੇ ਮੇਰਾ ਬੇਈਮਾਨੀ ਕੀਤੀ ਅਤੇ ਆਪਣੇ ਮੇਰੇ ਵਿਰੁੱਧ ਤੁਰਨ ਨੂੰ ਮੰਨ ਲੈਣ।**
**41 ਅਤੇ ਇਹ ਵੀ ਕਿ ਮੈਂ ਉਨ੍ਹਾਂ ਦੇ ਵਿਰੁੱਧ ਤੁਰਿਆ ਅਤੇ ਉਨ੍ਹਾਂ ਨੂੰ ਉਨ੍ਹਾਂ ਦਿਆਂ ਵੈਰੀਆਂ ਦੇ ਦੇਸ਼ ਵਿੱਚ ਲਿਆਇਆ, ਜੇ ਕਦੀ ਉਸ ਵੇਲੇ ਉਨ੍ਹਾਂ ਦੇ ਅਸੁੰਨਤੀ ਹਿਰਦੇ ਨੀਵੇਂ ਹੋ ਜਾਣ ਅਤੇ ਉਹ ਉਸ ਵੇਲੇ ਆਪਣੀ ਬਦੀ ਦੇ ਦੰਡ ਨੂੰ ਮੰਨ ਲੈਣ।**

**[42] ਤਦ ਮੈਂ ਆਪਣਾ ਨੇਮ ਯਾਕੂਬ ਦੇ ਨਾਲ ਅਤੇ ਨਾਲੇ ਆਪਣਾ ਨੇਮ ਇਸਹਾਕ ਦੇ ਨਾਲ ਅਤੇ ਨਾਲੇ ਆਪਣਾ ਨੇਮ ਅਬਰਾਹਾਮ ਦੇ ਨਾਲ ਚੇਤੇ ਕਰਾਂਗਾ ਅਤੇ ਮੈਂ ਉਸ ਦੇਸ਼ ਦਾ ਚੇਤਾ ਵੀ ਕਰਾਂਗਾ।**

ਇੱਥੇ ਪਰਮੇਸ਼ੁਰ ਆਪਣੇ ਲੋਕਾਂ ਨੂੰ ਦੱਸਦਾ ਹੈ ਕਿ ਅਜੋਕੀ ਪੀੜ੍ਹੀ ਉਸ ਦੀ ਪਿੱਛਲੀ ਪੀੜ੍ਹੀ ਦੇ ਪਾਪਾਂ ਤੋਂ ਪਸ਼ਚਾਤਾਪ ਕਰ ਸਕਦੀ ਹੈ। ਅਸੀਂ ਬਾਈਬਲ ਵਿੱਚ ਇਸ ਤਰ੍ਹਾਂ ਦੀਆਂ ਹੋਰ ਉਦਾਹਰਣਾਂ ਵੀ ਦੇਖਦੇ ਹਾਂ।

**ਯਿਰਮਿਯਾਹ 14:20**
**ਹੇ ਯਹੋਵਾਹ, ਅਸੀਂ ਆਪਣਾ ਦੁਸ਼ਟਪੁਣਾ ਜਾਣਦੇ ਹਾਂ,**
**ਅਸੀਂ ਆਪਣੇ ਪਿਉ ਦਾਦਿਆਂ ਦੀ ਬਦੀ ਨੂੰ ਵੀ,**
**ਕਿਉਂ ਜੋ ਅਸਾਂ ਤੇਰਾ ਪਾਪ ਕੀਤਾ।**

ਅਜ਼ਰਾ, ਨਹਮਯਾਹ ਅਤੇ ਦਾਨੀਏਲ ਨੇ ਆਪਣੇ ਪੁਰਖਿਆਂ ਦੇ ਪਾਪਾਂ ਤੋਂ ਪਸ਼ਚਾਤਾਪ ਕੀਤਾ। ਇਸ ਲਈ ਆਇਤ ਅਨੁਸਾਰ ਇਹ ਸਹੀ ਹੈ ਕਿ ਸਾਨੂੰ ਆਪਣੇ ਪੁਰਖਿਆਂ ਦੇ ਪਾਪਾਂ ਤੋਂ ਪਸ਼ਚਾਤਾਪ ਕਰਨਾ ਚਾਹੀਦਾ ਹੈ।

## ਪਰਮੇਸ਼ੁਰ ਦੁਆਰਾ ਨਿਯੁਕਤ-ਅਧਿਕਾਰ ਦਾ ਢਾਂਚਾ

ਆਮ ਦੁਨੀਆਂ ਵਿੱਚ, ਪਰਮੇਸ਼ੁਰ ਦੁਆਰਾ ਨਿਯੁਕਤ ਅਧਿਕਾਰ ਦਾ ਢਾਂਚਾ ਹੈ, ਜਿਸ ਰਾਹੀ ਪਰਮੇਸ਼ੁਰ ਕੰਮ ਕਰਦਾ ਹੈ ਅਤੇ ਜਿਸ ਦਾ ਸ਼ਤਾਨ ਆਦਰ ਕਰਦਾ ਹੈ।

### *ਪਤੀ ਜਾਂ ਪਿਤਾ ਦੇ ਅਧਿਕਾਰ*

**1 ਕੁਰਿੰਥੀਆਂ 11:3**
**ਪਰ ਮੈਂ ਚਾਹੁੰਦਾ ਹਾਂ ਜੋ ਤੁਸੀਂ ਇਹ ਜਾਣ ਲਵੋ ਭਈ ਹਰੇਕ ਪੁਰਖ ਦਾ ਸਿਰ ਮਸੀਹ ਹੈ ਅਤੇ ਇਸਤ੍ਰੀ ਦਾ ਸਿਰ ਪੁਰਖ ਹੈ ਅਤੇ ਮਸੀਹ ਦਾ ਸਿਰ ਪਰਮੇਸ਼ੁਰ ਹੈ।**

ਪਤਨੀ ਦਾ ਸਿਰ ਪਤੀ ਹੁੰਦਾ ਹੈ। ਪਤੀ ਜਾਂ ਪਿਤਾ ਪਰਿਵਾਰ ਦਾ ਆਤਮਿਕ ਰੱਖਿਅਕ ਜਾਂ ਪਹਿਰੇਦਾਰ ਹੁੰਦਾ ਹੈ। ਆਤਮਿਕ ਅਧਿਕਾਰ ਦੀ ਰੇਖਾ ਉਹ ਹੈ ਜੋ ਪਰਮੇਸ਼ੁਰ ਨੇ ਖਿੱਚੀ ਹੈ। ਇਹ ਪਤੀ 'ਤੇ ਨਿਰਭਰ ਕਰਦਾ ਹੈ ਕਿ ਉਹ ਆਪਣੇ ਘਰ ਵਿੱਚ ਦੁਸ਼ਮਣ ਦੇ ਪ੍ਰਭਾਵ ਦੀ ਆਗਿਆ ਦੇਵੇ ਜਾਂ ਨਾ ਮਨਜ਼ੂਰ ਕਰੇ। ਉਸ ਨੂੰ ਆਪਣੀ ਪਤਨੀ ਅਤੇ ਪਰਿਵਾਰ ਦੀ ਰੱਖਿਆ ਕਰਨ ਦਾ ਪਤੀ ਦਾ ਅਧਿਕਾਰ ਅਤੇ ਜ਼ਿੰਮੇਵਾਰੀ ਹੈ। ਪਤੀਆਂ ਨੂੰ ਆਪਣੇ ਅਧਿਕਾਰ ਦੀ ਜਗ੍ਹਾ ਲੈਣੀ ਪੈਂਦੀ ਹੈ।

ਸ਼ਤਾਨ ਲਈ ਦਰਵਾਜ਼ਾ ਬੰਦ ਕਰਨਾ ਚਾਹੀਦਾ ਹੈ ਅਤੇ ਸਾਰੀਆਂ ਸ਼ਤਾਨੀ ਸ਼ਕਤੀਆਂ ਦੇ ਵਿਰੁੱਧ ਐਲਾਨ ਕਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਦਾ ਅਧਿਕਾਰ ਨਹੀਂ ਹੈ।

## *ਜੀਵਨ ਸਾਥੀ ਜਾਂ ਮਾਪਿਆਂ ਦੇ ਅਧਿਕਾਰਾਂ ‘ਤੇ ਭਰੋਸਾ ਕਰਨਾ*

**1 ਕੁਰਿੰਥੀਆਂ 7:14**

**ਕਿਉਂ ਜੋ ਬੇਪਰਤੀਤ ਪਤੀ ਆਪਣੀ ਪਤਨੀ ਦੇ ਕਾਰਨ ਪਵਿੱਤਰ ਹੋਇਆ ਅਤੇ ਬੇਪਰਤੀਤ ਪਤਨੀ ਉਸ ਭਰਾ ਦੇ ਕਾਰਨ ਪਵਿੱਤਰ ਹੋਈ ਹੈ, ਨਹੀਂ ਤਾਂ ਤੁਹਾਡੇ ਬਾਲ ਬੱਚੇ ਅਸ਼ੁੱਧ ਹੁੰਦੇ ਪਰ ਹੁਣ ਤਾਂ ਪਵਿੱਤਰ ਹਨ।**

ਇਸ ਤਰ੍ਹਾਂ, ਅਜਿਹੇ ਹਲਾਤ ਵਿੱਚ ਜਿੱਥੇ ਇੱਕ ਜੀਵਨ ਸਾਥੀ ਗੈਰ-ਵਿਸ਼ਵਾਸੀ ਹੈ, ਦੂਜਾ ਜੀਵਨ ਸਾਥੀ ਆਤਮਿਕ ਮਾਮਲਿਆਂ ਵਿੱਚ ਗੈਰ-ਵਿਸ਼ਵਾਸੀ ਜੀਵਨ ਸਾਥੀ ਉੱਤੇ ਆਪਣੇ ਅਧਿਕਾਰ ਦੀ ਵਰਤੋਂ ਕਰ ਸਕਦਾ ਹੈ। ਜੇ ਤੁਸੀਂ ਇੱਕ ਵਿਸ਼ਵਾਸੀ ਹੋ, ਤਾਂ ਤੁਸੀਂ ਅੰਤਰ ਪੈਦਾ ਕਰ ਸਕਦੇ ਹੋ ਕਿਉਂਕਿ ਤੁਹਾਨੂੰ ਆਪਣੇ ਗੈਰ-ਵਿਸ਼ਵਾਸੀ ਜੀਵਨ ਸਾਥੀ ‘ਤੇ ਭਰੋਸਾ ਕਰਨ ਦਾ ਅਧਿਕਾਰ ਹੈ। ਇੱਥੋਂ ਤੱਕ ਕਿ ਇਸ ਰਿਸ਼ਤੇ ਤੋਂ ਪੈਦਾ ਹੋਏ ਬੱਚੇ ਵੀ ਵਿਸ਼ਵਾਸੀ ਮਾਂ ਜਾਂ ਪਿਤਾ ਦੁਆਰਾ ਆਤਮਿਕ ਤੌਰ ਤੇ ਪ੍ਰਭਾਵਿਤ ਹੁੰਦੇ ਹਨ।

## *ਵਰਤਮਾਨ ਪੀੜ੍ਹੀ ਦਾ ਅਧਿਕਾਰ*

ਕਿਉਂਕਿ ਅਸੀਂ ਆਪਣੇ ਪਰਿਵਾਰ ਦੇ ਵੰਸ਼ ਦੇ ਵਰਤਮਾਨ ਨੁਮਾਇੰਦੇ ਹਾਂ, ਇਸ ਲਈ ਪਿੱਛਲੀਆਂ ਪੀੜ੍ਹੀਆਂ ਵਿੱਚ ਕੀਤੀਆਂ ਗਈਆਂ ਸਾਰੀਆਂ ਸੁੱਖਣਾਂ, ਸਮਰਪਣਾਂ ਅਤੇ ਇਕਰਾਰਨਾਮਿਆਂ ਉੱਤੇ ਸਾਡਾ ਅਧਿਕਾਰ ਹੈ ਜਿਵੇਂ ਕਿ ਲੇਵੀਆਂ 26:39-42 ਵਿੱਚ ਵਰਣਨ ਕੀਤਾ ਗਿਆ ਹੈ।

# 6
# ਅਕਸਰ ਪੁੱਛੇ ਜਾਣ ਵਾਲੇ ਸਵਾਲ

**ਪ੍ਰਸ਼ਨ 1. ਜਦੋਂ ਮੈਂ ਮਸੀਹ ਨੂੰ ਨਿੱਜੀ ਮੁਕਤੀਦਾਤਾ ਵਜੋਂ ਕਬੂਲ ਕਰਦਾ ਹਾਂ ਅਤੇ ਵਿਸ਼ਵਾਸ ਕਰਦਾ ਹਾਂ ਕਿ ਉਸ ਦਾ ਲਹੂ ਸਾਨੂੰ ਸਾਰੇ ਪਾਪਾਂ ਤੋਂ ਸਾਫ਼ ਕਰਦਾ ਹੈ। ਤਾਂ ਫਿਰ, ਮੈਂ ਆਪਣੇ ਪੁਰਖਿਆਂ ਦੇ ਕੁਧਰਮ ਦੇ ਪ੍ਰਭਾਵ ਹੇਠ ਕਿਉਂ ਹਾਂ? ਕੀ ਯਿਸੂ ਦਾ ਲਹੂ ਕੁਧਰਮ ਨੂੰ ਸਾਫ਼ ਨਹੀਂ ਕਰਦਾ? ਜਦੋਂ ਪ੍ਰਭੂ ਨੇ ਮੈਨੂੰ ਛੁਡਾਇਆ ਹੈ, ਤਾਂ ਕੀ ਇਹ ਛੁਟਕਾਰਾ ਸਾਰੇ ਬੰਧਨਾਂ ਤੋਂ ਮੁਕਤੀ ਨਹੀਂ ਹੈ? ਸਾਨੂੰ ਪੀੜ੍ਹੀਆਂ ਦੇ ਬੰਧਨਾਂ ਨਾਲ ਨਜਿੱਠਣ ਦੀ ਲੋੜ ਕਿਉਂ ਹੈ?**

ਜਦੋਂ ਅਸੀਂ ਨਿੱਜੀ ਤੌਰ ‘ਤੇ ਯਿਸੂ ਮਸੀਹ ਨੂੰ ਮੁਕਤੀਦਾਤਾ ਵਜੋਂ ਕਬੂਲ ਕਰਦੇ ਹਾਂ, ਤਾਂ ਅਸੀਂ ਸੱਚਮੁੱਚ ਆਤਮਾਵਾਂ ਵਿੱਚ ਨਵਾਂ ਜਨਮ ਲੈਂਦੇ ਹਾਂ ਅਤੇ ਨਵੀ ਸਰਿਸ਼ਟੀ ਬਣਦੇ ਹਾਂ। ਯਿਸੂ ਮਸੀਹ ਦਾ ਲਹੂ ਸਾਡੇ ਪਾਪਾਂ ਨੂੰ ਧੋ ਦਿੰਦਾ ਹੈ। ਪਰ ਸਮੱਸਿਆ ਇਹ ਹੈ ਕਿ ਸਾਡੇ ਪੁਰਖਿਆਂ ਦੇ ਕੁਧਰਮ ਦੁਆਰਾ ਸ਼ਤਾਨ ਦੇ ਬੰਧਨਾਂ ਲਈ ਖੋਲ੍ਹੇ ਗਏ ਦਰਵਾਜ਼ੇ ਸਾਡੇ ਆਤਮਾ, ਮਨ, ਇੱਛਾ ਅਤੇ ਭਾਵਨਾਵਾਂ, ਸਾਡੇ ਸਰੀਰ ਅਤੇ ਇੱਥੋਂ ਤੱਕ ਕਿ ਸਾਡੇ ਜੀਵਨ ਦੇ ਤਜ਼ਰਬੇ ਨੂੰ ਵੀ ਪ੍ਰਭਾਵਿਤ ਕਰਦਾ ਹੈ। ਜਦੋਂ ਪਰਮੇਸ਼ੁਰ ਸਾਨੂੰ ਯਿਸੂ ਦੇ ਲਹੂ ਦੁਆਰਾ ਸਾਫ਼ ਕਰਦਾ ਹੈ, ਤਾਂ ਉਹ ਸਾਡੀ ਆਤਮਾ, ਸਰੀਰ ਅਤੇ ਸਾਡੇ ਹਾਲਾਤਾਂ ਨੂੰ ਨਹੀਂ ਬਦਲਦਾ।

ਉਦਾਹਰਣ ਦੇ ਲਈ, ਜੇ ਤੁਹਾਡੇ ਵਾਲ ਮਸੀਹ ਨੂੰ ਕਬੂਲ ਕਰਦੇ ਸਮੇਂ ਚਿੱਟੇ ਹੋ ਰਹੇ ਸਨ, ਤਾਂ ਇਹ ਸੰਭਾਵਨਾ ਹੈ ਕਿ ਯਿਸੂ ਨੂੰ ਪ੍ਰਾਪਤ ਕਰਨ ਤੋਂ ਬਾਅਦ ਇਹ ਚਿੱਟੇ ਹੁੰਦੇ ਰਹਿਣਗੇ।! ਜਾਂ ਜੇ ਤੁਸੀਂ ਦੁਬਾਰਾ ਜਨਮ ਲੈਣ ਤੋਂ ਪਹਿਲਾਂ 6 ਫੁੱਟ ਲੰਬੇ ਸੀ, ਤਾਂ ਤੁਸੀਂ ਯਿਸੂ ਨੂੰ ਕਬੂਲ ਕਰਨ ਤੋਂ ਬਾਅਦ ਵੀ ਉਹੀ ਰਹੋਗੇ। ਤੁਸੀਂ ਇੱਕ ਪਲ ਵਿੱਚ ਆਪਣੀ ਆਤਮਾ ਵਿੱਚ ਇੱਕ ਨਵੀਂ ਸਰਿਸ਼ਟੀ ਬਣ ਜਾਂਦੇ ਹੋ, ਪਰ ਬਹੁਤ ਸਾਰੇ ਬੰਧਨ ਜੋ ਆਤਮਾ, ਸਰੀਰ ਅਤੇ ਜੀਵਨ ਦੇ ਹਾਲਾਤਾਂ ਵਿੱਚ ਹੁੰਦੇ ਹਨ, ਉਹ ਨਿਰੰਤਰ ਬਣੇ ਰਹਿ ਸਕਦੇ ਹਨ।

ਇੱਥੇ ਬਹੁਤ ਸਾਰੇ ਵਿਸ਼ਵਾਸੀ ਹਨ ਜੋ ਪਰਮੇਸ਼ੁਰ ਦੀ ਨਜ਼ਰ ਵਿੱਚ ਧੋਤੇ

ਗਏ ਹਨ ਅਤੇ ਧਰਮੀ ਠਹਿਰੇ ਹਨ, ਪਰ ਅਜੇ ਵੀ ਆਪਣੀਆਂ ਪਾਪੀ ਆਦਤਾਂ, ਭਾਵਨਾਤਮਕ ਸਮੱਸਿਆਵਾਂ ਆਦਿ ਨਾਲ ਜੂਝ ਰਹੇ ਹਨ। ਇਸ ਲਈ, ਉਨ੍ਹਾਂ ਚੀਜ਼ਾਂ ਵਿੱਚੋਂ ਇੱਕ ਜਿਸ ਨਾਲ ਸਾਨੂੰ ਨਜਿੱਠਣਾ ਪੈਂਦਾ ਹੈ, ਉਹ ਹੈ ਪੀੜ੍ਹੀ ਦਾ ਬੰਧਨ।

## ਪ੍ਰਸ਼ਨ 2. ਕੂਚ 20:5,6 ਅਨੁਸਾਰ, ਪਰਮੇਸ਼ੁਰ ਉਨ੍ਹਾਂ ਲੋਕਾਂ ਤੋਂ ਕੁਧਰਮ ਦਾ ਬਦਲਾ ਲੈਂਦਾ ਹੈ ਜੋ ਉਸ ਨਾਲ ਨਫ਼ਰਤ ਕਰਦੇ ਹਨ ਅਤੇ ਉਨ੍ਹਾਂ ‘ਤੇ ਦਇਆ ਕਰਦੇ ਹਨ ਜੋ ਉਸ ਨੂੰ ਪਿਆਰ ਕਰਦੇ ਹਨ। ਮੈਂ ਪਰਮੇਸ਼ੁਰ ਨਾਲ ਨਫ਼ਰਤ ਨਹੀਂ ਕਰਦਾ ਪਰ ਮੈਂ ਉਸ ਨੂੰ ਪਿਆਰ ਕਰਦਾ ਹਾਂ, ਇਸ ਲਈ, ਮੈਨੂੰ ਪਰਿਵਾਰਕ ਬੰਧਨਾਂ ਨੂੰ ਤੋੜਨ ਦੀ ਚਿੰਤਾ ਕਿਉਂ ਕਰਨੀ ਚਾਹੀਦੀ ਹੈ?

ਜਵਾਬ ਪਹਿਲੇ ਸਵਾਲ ਵਾਂਗ ਹੀ ਹੈ। ਅਸੀਂ ਪਰਮੇਸ਼ੁਰ ਨੂੰ ਆਪਣੇ ਸਾਰੇ ਦਿਲਾਂ ਨਾਲ ਪਿਆਰ ਕਰਦੇ ਹਾਂ, ਪਰ ਕਈ ਵਾਰ ਸਾਡੀਆਂ ਆਤਮਾ, ਸਰੀਰ ਅਤੇ ਜੀਵਨ ਦੇ ਹਾਲਾਤਾਂ ਵਿੱਚ ਦੁਸ਼ਮਣ ਦੇ ਕੰਮ ਸਕਦੇ ਹਨ, ਜਿਸ ਨਾਲ ਪਰਮੇਸ਼ੁਰ ਸਾਨੂੰ ਉਨ੍ਹਾਂ ਨਾਲ ਨਜਿੱਠਣ ਲਈ ਕਹਿੰਦਾ ਹੈ। ਪਰਮੇਸ਼ੁਰ ਨੇ ਇਹ ਨਹੀਂ ਕਿਹਾ, “ਮੈਂ ਤੁਹਾਡੀ ਥਾਂ ਸ਼ਤਾਨ ਦਾ ਸਾਹਮਣੇ ਕਰਾਂਗਾ।” ਬਲਕਿ, ਉਸ ਨੇ ਕਿਹਾ, “ਤੁਸੀਂ ਸ਼ਤਾਨ ਦਾ ਸਹਾਮਣਾ ਕਰੋ।”

## ਪ੍ਰਸ਼ਨ 3. ਕੀ ਮੈਂ ਉਦੋਂ ਤੱਕ ਪੀੜ੍ਹੀਆਂ ਲਈ ਬਰਕਤ ਨਹੀਂ ਬਣ ਸਕਦਾ ਜਦੋਂ ਤੱਕ ਮੈਂ ਪੀੜ੍ਹੀ ਦੇ ਬੰਧਨ ਨੂੰ ਖ਼ਤਮ ਨਹੀਂ ਕਰ ਦਿੰਦਾ?

ਜਦੋਂ ਤੁਸੀਂ ਮਸੀਹ ਕੋਲ ਆਉਂਦੇ ਹੋ, ਤਾਂ ਤੁਸੀਂ ਆਪਣੇ ਆਪ ਹੀ ਅਬਰਾਹਾਮ ਦੀ ਬਰਕਤ ਅਤੇ ਮਸੀਹ ਵਿੱਚ ਤੁਸੀਂ ਜੋ ਹੋ ਉਸ ਨਾਲ ਜੁੜੀ ਬਰਕਤ ਦੇ ਪ੍ਰਚਾਰਕ ਬਣ ਜਾਂਦੇ ਹੋ। ਇਸ ਲਈ, ਤੁਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਬਰਕਤਾਂ ਦਾ ਸਰੋਤ ਹੋ, ਹਾਲਾਂਕਿ ਤੁਸੀਂ ਆਪਣੀਆਂ ਪੀੜ੍ਹੀਆਂ ਦੇ ਬੰਧਨਾਂ ਵਿੱਚ ਹੋ ਸਕਦੇ ਹੋ, ਜਿਨ੍ਹਾਂ ਤੋਂ ਤੁਸੀਂ ਛੁਟਕਾਰਾ ਪਾਉਣਾ ਹੈ। ਫਿਰ ਵੀ, ਤੁਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਿਵੇਂ ਪ੍ਰਭਾਵਿਤ ਕਰਦੇ ਹੋ, ਇਹ ਇਸ ਗੱਲ ‘ਤੇ ਬਹੁਤ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਹੱਦ ਤੱਕ ਪਰਮੇਸ਼ੁਰ ਦੇ ਆਗਿਆਕਾਰੀ ਹੋ,ਜੇ ਤੁਸੀਂ ਆਲਸੀ ਹੋ ਅਤੇ ਸੋਚਦੇ ਹੋ, “ਮੈਂ ਬਚ ਗਿਆ ਹਾਂ। ਮੈਨੂੰ ‘ਫਾਈਰ ਜੀਵਨ ਬੀਮਾ’ ਮਿਲ ਗਿਆ ਹੈ। ਇਹ ਮੇਰੇ ਲਈ ਕਾਫ਼ੀ ਹੈ! ਮੈਂ ਸਵਰਗ ਵਿੱਚ ਜਾਵਾਂਗਾ,” ਅਤੇ ਮੈਂ ਜ਼ਿੰਦਗੀ ਵਿੱਚ ਅੱਗੇ "ਵੱਧਦਾ" ਰਹਾਂਗਾ, ਤਾਂ ਤੁਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਤਮਿਕ ਤੌਰ

'ਤੇ ਪ੍ਰਭਾਵਿਤ ਨਹੀਂ ਕਰ ਸਕੋਗੇ।, ਤਾਂ ਤੁਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਤਮਿਕ ਤੌਰ 'ਤੇ ਪ੍ਰਭਾਵਿਤ ਨਹੀਂ ਕਰ ਸਕੋਗੇ। ਪਰ ਜੇ ਤੁਸੀਂ ਕੋਈ ਅਜਿਹੇ ਵਿਅਕਤੀ ਹੋ ਜਿਹੜਾ ਪ੍ਰਭੂ ਦੇ ਪਿੱਛੇ ਚੱਲਦਾ ਹੈ ਅਤੇ ਪਰਮੇਸ਼ੁਰ ਦੇ ਆਤਮਾ ਅਤੇ ਉਸ ਦੇ ਵਚਨ ਵਿੱਚ ਪਰਮੇਸ਼ੁਰ ਦੀਆਂ ਗੱਲਾਂ ਵੱਲ ਧਿਆਨ ਦਿੰਦਾ ਹੈ, ਤਾਂ ਤੁਸੀਂ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਹੁਤ ਪ੍ਰਭਾਵਿਤ ਕਰਨ ਦੇ ਯੋਗ ਹੋਵੋਗੇ।

**ਪ੍ਰਸ਼ਨ 4. ਕੀ ਮੈਂ ਆਪਣੇ ਪੂਰੇ ਪਰਿਵਾਰ ਲਈ ਇਸ ਖਾਲੀ ਥਾਂ ਵਿੱਚ ਖੜ੍ਹਾ ਹੋ ਸਕਦਾ ਹਾਂ ਅਤੇ ਪਰਮੇਸ਼ੁਰ ਤੋਂ ਮੁਆਫ਼ੀ ਮੰਗ ਸਕਦਾ ਹਾਂ ਜਾਂ ਕੀ ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਵਿਅਕਤੀਗਤ ਤੌਰ 'ਤੇ ਅਜਿਹਾ ਕਰਨਾ ਚਾਹੀਦਾ ਹੈ?**

ਪਰਮੇਸ਼ੁਰ ਉਸ ਅਧਿਕਾਰ ਦੇ ਢਾਂਚੇ ਦੇ ਅੰਦਰ ਕੰਮ ਕਰਦਾ ਹੈ ਜੋ ਉਸ ਨੇ ਸਥਾਪਿਤ ਕੀਤਾ ਹੈ। ਇਸ ਅਧਿਕਾਰ ਦੇ ਕਾਰਨ, ਤੁਸੀਂ ਆਪਣੇ ਪਰਿਵਾਰਕ ਮੈਂਬਰਾਂ 'ਤੇ ਕੁਝ ਪੱਧਰ ਤੱਕ ਪ੍ਰਭਾਵ ਪਾ ਸਕਦੇ ਹੋ। ਪਰ ਤੁਹਾਡੇ ਲਏ ਗਏ ਆਤਮਿਕ ਫੈਸਲਿਆਂ ਦਾ ਪ੍ਰਭਾਵ ਤੁਹਾਡੀ ਆਉਣ ਵਾਲੀ ਪੀੜ੍ਹੀ ਦੇ ਮੈਂਬਰਾਂ 'ਤੇ ਪਵੇਗਾ ਜੋ ਤੁਹਾਡੇ ਪ੍ਰਭਾਵ ਦੇ ਖੇਤਰ ਵਿੱਚ ਹਨ। ਜੇ ਇਹ ਪਰਿਵਾਰਕ ਮੈਂਬਰਾਂ ਬਾਰੇ ਹੈ, ਜੋ ਤੁਹਾਡੇ ਤੋਂ ਵੱਡੇ ਹਨ ਜਾਂ ਬਰਾਬਰ ਹਨ, ਤਾਂ ਉਨ੍ਹਾਂ ਨੂੰ ਆਪਣੇ ਫੈਸਲੇ ਖ਼ੁਦ ਲੈਣੇ ਪੈਣਗੇ, ਪਰ ਤੁਸੀਂ ਪ੍ਰਾਰਥਨਾ ਦੁਆਰਾ ਉਨ੍ਹਾਂ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰ ਸਕਦੇ ਹੋ। ਕਿਉਂਕਿ ਅਸੀਂ ਆਪਣੀ ਵੰਸ਼ਾਵਲੀ ਦੇ ਨੁਮਾਇੰਦੇ ਹਾਂ, ਇਸ ਲਈ ਸਾਨੂੰ ਉਨ੍ਹਾਂ ਸਾਰੀਆਂ ਸੁੱਖਣਾਂ, ਵਚਨਬੱਧਤਾਵਾਂ, ਸਮਝੌਤਿਆਂ ਦਾ ਅਧਿਕਾਰ ਹੈ, ਜੋ ਅਤੀਤ ਵਿੱਚ ਕੀਤੇ ਗਏ ਹਨ ਅਤੇ ਜੇ ਅਸੀਂ ਇਸ ਵਿੱਚ ਕੁਝ ਤਬਦੀਲੀਆਂ ਕਰਦੇ ਹਾਂ, ਤਾਂ ਉਹ ਸਾਡੇ ਬਾਅਦ ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰਭਾਵਿਤ ਕਰਨਗੀਆਂ।

**ਪ੍ਰਸ਼ਨ 5. ਕੀ ਇਸ ਕੁਧਰਮ ਦਾ ਕੋਈ ਕਾਰਣ ਹੈ? ਕੀ ਉਸ ਮੂਲ ਕਾਰਣ ਨੂੰ ਜਾਣਨਾ / ਲੱਭਣਾ ਜ਼ਰੂਰੀ ਹੈ, ਜਿਸ ਕਾਰਨ ਪੀੜ੍ਹੀਆਂ ਦੇ ਬੰਧਨ ਆਉਂਦੇ ਹਨ?**

ਲੋਕਾਂ ਨੇ ਜੋ ਕੁਝ ਦੇਖਿਆ ਹੈ, ਉਸ ਦੇ ਅਧਾਰ 'ਤੇ, ਬਾਰ-ਬਾਰ ਸੁੱਖਣਾ ਅਤੇ ਸਰਾਪਾਂ ਦਾ ਆਮ ਤਿਆਗ, ਪਰਿਵਾਰਕ ਬੰਧਨਾਂ ਨੂੰ ਤੋੜਨ ਅਤੇ ਪੁਰਖਿਆਂ ਦੇ ਨਮੂਨੇ ਵਿੱਚ ਦਾਖਲੇ ਨੂੰ ਰੋਕਣ ਲਈ ਕਾਫ਼ੀ ਹਨ। ਅਕਸਰ ਇਕਰਾਰਨਾਮਿਆਂ ਅਤੇ ਸਰਾਪਾਂ ਦਾ ਤਿਆਗ ਪਰਿਵਾਰਕ ਬੰਧਨਾਂ ਨੂੰ ਤੋੜਨ ਅਤੇ ਪੁਰਾਣੇ ਲੋਕਾਂ ਤੋਂ ਸ਼ਤਾਨ ਦੇ ਦਾਖਲੇ ਨੂੰ ਰੋਕਣ ਲਈ ਕਾਫ਼ੀ ਹੁੰਦਾ ਹੈ। ਪਰ ਕੁਝ ਦੁਰਲੱਭ

ਮਾਮਲਿਆਂ ਵਿੱਚ, ਬੰਧਨ ਬਣਿਆ ਰਹਿ ਸਕਦਾ ਹੈ ਅਤੇ ਇਹ ਕੁਝ ਡੂੰਘਾ ਅਤੇ ਸਖ਼ਤ ਹੋ ਸਕਦਾ ਹੈ। ਇਸ ਦੇ ਲਈ, ਸਾਨੂੰ ਇਸ ਦੀ ਜੜ੍ਹ ਤੱਕ ਜਾਣ ਦੀ ਜ਼ਰੂਰਤ ਹੈ ਅਤੇ ਇਹ ਖਾਸ ਕਾਰਨ ਨੂੰ ਲੱਭਣ ਦੀ ਜ਼ਰੂਰਤ ਹੈ ਕਿ ਇਹ ਕਿਵੇਂ ਆਇਆ ਅਤੇ ਕਿਸ ਪੁਰਖੇ ਨੇ ਦੁਸ਼ਮਣ ਨੂੰ ਵੰਸ਼ਾਵਲੀ ਵਿੱਚ ਦਾਖ਼ਲ ਹੋਣ ਦਿੱਤਾ, ਤਾਂ ਜੋ ਖਾਸ ਚੀਜ਼ਾਂ ਨੂੰ ਉਲਟਾਇਆ ਜਾ ਸਕੇ। ਅਕਸਰ, ਪਵਿੱਤਰ ਆਤਮਾ ਸਾਨੂੰ ਉੱਤਰ ਦਿੰਦਾ ਹੈ ਜਾਂ ਅਸੀਂ ਅਜਿਹੇ ਵਿਅਕਤੀ ਤੋਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਾਂ ਜੋ ਸਾਡੇ ਪਰਿਵਾਰ ਦੇ ਇਤਿਹਾਸ ਨੂੰ ਜਾਣਦਾ ਹੋਵੇ।

## ਪ੍ਰਸ਼ਨ 6. ਕੀ ਸਰਾਪ ਵਿਸ਼ਵਾਸੀਆਂ ਨੂੰ ਪ੍ਰਭਾਵਿਤ ਕਰਦੇ ਹਨ?

ਆਮ ਤੌਰ 'ਤੇ ਉੱਤਰ ਹੈ, "ਨਹੀਂ।" *"ਯਾਕੂਬ ਉੱਤੇ ਜਾਦੂ ਨਹੀਂ ਚੱਲਦਾ, ਨਾ ਇਸਰਾਏਲ ਉੱਤੇ ਫਾਲ"* (ਗਿਣਤੀ 23:23)। ਪਰ, ਸ਼ਤਾਨ ਸਿਰਫ਼ ਉਸ ਹੱਦ ਤੱਕ ਦਾਖ਼ਲ ਹੋਵੇਗਾ ਜਿਸ ਹੱਦ ਤੱਕ ਅਸੀਂ ਇਸ ਨੂੰ ਦਾਖ਼ਲ ਹੋਣ ਦਿੰਦੇ ਹਾਂ। ਉਦਾਹਰਣ ਲਈ, ਜਦੋਂ ਕੋਈ ਵਿਸ਼ਵਾਸੀ ਝੂਠੀ ਸਿੱਖਿਆ ਵਿੱਚ ਪੈ ਜਾਂਦਾ ਹੈ, ਡਰ ਵਿੱਚ ਰਹਿੰਦਾ ਹੈ ਜਾਂ ਸ਼ਤਾਨ ਨੂੰ ਆਪਣੀ ਜ਼ਿੰਦਗੀ ਵਿੱਚ ਦਾਖ਼ਲ ਹੋਣ ਦਾ ਮੌਕਾ ਦਿੰਦਾ ਹੈ, ਤਾਂ ਇਹ ਉਨ੍ਹਾਂ ਨੂੰ ਦੁਸ਼ਟ ਕੰਮਾਂ ਲਈ ਕਮਜ਼ੋਰ ਬਣਾ ਦਿੰਦਾ ਹੈ। ਇਸ ਲਈ, ਵਿਸ਼ਵਾਸੀਆਂ ਲਈ ਪਰਮੇਸ਼ੁਰ ਦੀ ਆਗਿਆ ਮੰਨਣਾ ਜ਼ਰੂਰੀ ਹੈ।

## ਪ੍ਰਸ਼ਨ 7. ਸਾਡਾ ਪਰਮੇਸ਼ੁਰ ਗ਼ੈਰਤੀ ਪਰਮੇਸ਼ੁਰ ਕਿਉਂ ਹੈ?

ਜਦੋਂ ਤੁਸੀਂ ਬਾਈਬਲ ਦਾ ਵਿਸ਼ਲੇਸ਼ਣ ਕਰਦੇ ਹੋ, ਤਾਂ ਲਗਭਗ ਹਰ ਸਮੇਂ ਅਸੀਂ ਪਰਮੇਸ਼ੁਰ ਨੂੰ ਇਹ ਐਲਾਨ ਕਰਦੇ ਵੇਖਦੇ ਹਾਂ ਕਿ ਉਹ ਗ਼ੈਰਤੀ ਪਰਮੇਸ਼ੁਰ ਹੈ। ਇਹ ਲੋਕਾਂ ਦੇ ਦੂਜੇ ਦੇਵਤਿਆਂ ਜਾਂ ਝੂਠੇ ਦੇਵਤਿਆਂ ਦੀ ਅਰਾਧਨਾ ਕਰਨ ਦੇ ਸੰਦਰਭ ਵਿੱਚ ਹੈ:

- **ਇਹ ਸਾਡੇ ਮੁੱਢਲੇ ਉਦੇਸ਼ ਦੀ ਉਲੰਘਣਾ ਕਰਦਾ ਹੈ, ਜੋ ਕਿ ਜੀਉਂਦੇ ਪਰਮੇਸ਼ੁਰ ਦੀ ਅਰਾਧਨਾ ਕਰਨਾ ਹੈ।** ਸਾਨੂੰ ਸਿਰਫ਼ ਉਸ ਦੀ ਅਤੇ ਇਕੱਲੇ ਉਸ ਦੀ ਅਰਾਧਨਾ ਕਰਨ ਲਈ ਬਣਾਇਆ ਗਿਆ ਸੀ। *"ਤੂੰ ਹੋਰ ਕਿਸੇ ਦੇਵਤੇ ਅੱਗੇ ਮੱਥਾ ਨਾ ਟੇਕੀਂ ਯਹੋਵਾਹ ਜਿਸ ਦਾ ਨਾਮ ਗ਼ੈਰਤ ਵਾਲਾ ਹੈ ਉਹ ਇੱਕ ਗ਼ੈਰਤੀ ਪਰਮੇਸ਼ੁਰ ਹੈ"* (ਕੂਚ 34:14)।
- **ਉਹ ਆਪਣੀ ਮਹਿਮਾ ਕਿਸੇ ਹੋਰ ਨੂੰ ਨਹੀਂ ਦੇਵੇਗਾ।** *"ਮੈਂ ਯਹੋਵਾਹ ਹਾਂ, ਏਹੋ ਈ ਮੇਰਾ ਨਾਮ ਹੈ ਅਤੇ ਮੈਂ ਆਪਣਾ ਪਰਤਾਪ ਦੂਜੇ ਨੂੰ ਨਹੀਂ ਦਿਆਂਗਾ। ਨਾ ਆਪਣੀ ਉਸਤਤ ਮੂਰਤਾਂ ਨੂੰ"* (ਯਸਾਯਾਹ 42:8)। ਜਦੋਂ ਕੋਈ ਵਿਅਕਤੀ

ਪਰਮੇਸ਼ੁਰ ਦੀ ਮਹਿਮਾ ਕਿਸੇ ਹੋਰ ਨੂੰ ਦਿੰਦਾ ਹੈ, ਤਾਂ ਪਰਮੇਸ਼ੁਰ ਇਸ ਨੂੰ ਬਰਦਾਸ਼ਤ ਨਹੀਂ ਕਰਦਾ।

- **ਅਸੀਂ ਪਰਮੇਸ਼ੁਰ ਨੂੰ ਗ਼ਲਤ ਤਰੀਕੇ ਨਾਲ ਪ੍ਰਗਟ ਕਰ ਰਹੇ ਹਾਂ।** ਇਸ ਨਾਲ ਪਰਮੇਸ਼ੁਰ ਦੀ ਪਹਿਚਾਣ ਬਦਲਦੀ ਹੈ ਕਿ ਉਹ ਅਸਲ ਵਿੱਚ ਕੌਣ ਹੈ—ਇੱਕ ਸਿਰਜਣਹਾਰ। *"ਤੁਸੀਂ ਮੈਨੂੰ ਕਿਹ ਦੇ ਵਰਗਾ ਦੱਸੋਗੇ, ਕਿ ਮੈਂ ਉਹ ਦੇ ਤੁੱਲ ਹਾਂ? ਪਵਿੱਤਰ ਪੁਰਖ ਆਖਦਾ ਹੈ"* (ਯਸਾਯਾਹ 40:25)। ਉਦਾਹਰਣ ਲਈ, ਜੇ ਕਿਸੇ ਨੇ ਤੁਹਾਡੀ ਤਸਵੀਰ ਖਿੱਚਣੀ ਹੋਵੇ ਤਾਂ ਉਹ ਤੁਹਾਡੇ ਸਿਰ ਦੀ ਥਾਂ ਕਾਕਰੋਚ ਲਾ ਕੇ ਕਹੇ, ਇਹ ਤੁਸੀਂ ਹੋ, ਕੀ ਤੁਸੀਂ ਉਸ ਨੂੰ ਪਸੰਦ ਕਰੋਗੇ? ਤੁਸੀਂ ਇਸ ਬਾਰੇ ਖੁਸ਼ ਨਹੀਂ ਹੋਵੋਗੇ, ਪਰ ਤੁਸੀਂ ਕ੍ਰੋਧੀ ਹੋਵੋਗੇ, ਜਿਸ ਦਾ ਮਤਲਬ ਹੈ ਕਿ ਤੁਸੀਂ "ਗੁੱਸੇ" ਹੋਵੋਗੇ ਕਿ ਉਨ੍ਹਾਂ ਨੇ ਅਜਿਹਾ ਕੀਤਾ ਹੈ। ਇਹੀ ਹੈ ਜੋ ਅਸੀਂ ਉਦੋਂ ਕਰਦੇ ਹਾਂ ਜਦੋਂ ਅਸੀਂ ਸਿਰਜਣਹਾਰ ਦੀ ਅਰਾਧਨਾ ਕਰਨ ਦੀ ਬਜਾਇ ਕਿਸੇ ਸਿਰਜੀ ਗਈ ਚੀਜ਼ ਦੀ ਅਰਾਧਨਾ ਕਰਦੇ ਹਾਂ। ਅਸੀਂ ਪਰਮੇਸ਼ੁਰ ਨੂੰ ਗ਼ਲਤ ਤਰੀਕੇ ਨਾਲ ਪੇਸ਼ ਕਰਦੇ ਹਾਂ। ਇਸ ਲਈ, ਪਰਮੇਸ਼ੁਰ ਗ਼ੈਰਤ ਰੱਖਣ ਵਾਲਾ ਪਰਮੇਸ਼ੁਰ ਹੈ।

## ਪ੍ਰਸ਼ਨ 8. ਕੀ "ਮਸੀਹੀ ਮੂਰਤੀਆਂ" ਗ਼ਲਤ ਹਨ?

ਕਿਸੇ ਵੀ ਕਿਸਮ ਦੀ ਮੂਰਤੀ ਜਾਂ ਮੂਰਤੀ ਜੋ ਪੂਜਾ, ਚਿੰਤਨ, ਭਗਤੀ ਦੀ ਵਸਤੂ ਬਣ ਜਾਂਦੀ ਹੈ—ਭਾਵੇਂ ਅਸੀਂ ਇਸ ਨੂੰ ਕਿਸੇ ਵੀ ਨਾਮ ਨਾਲ ਬੁਲਾਉਂਦੇ ਹਾਂ ਜਾਂ ਇਹ ਕੀ ਦਰਸਾਉਂਦੀ ਹੈ, ਗ਼ਲਤ ਹੈ ਭਾਵੇਂ ਉਹ ਮਸੀਹੀ ਅਰਾਧਨਾ ਸਥਾਨ ਤੇ ਰੱਖੀ ਗਈ ਹੋਵੇ।

ਸਾਨੂੰ ਬਾਲਕ ਯਿਸੂ, ਕਿਸ਼ੋਰ ਯਿਸੂ ਅਤੇ ਜਵਾਨ ਯਿਸੂ ਦੀ ਤਸਵੀਰ ਦੀ ਪੂਜਾ ਜਾਂ ਅਰਾਧਨਾ ਨਹੀਂ ਕਰਨੀ ਚਾਹੀਦੀ ਜਾਂ ਮੋਮਬੱਤੀਆਂ ਨਹੀਂ ਜਲਾਉਣੀਆਂ ਚਾਹੀਦੀਆਂ! ਤੁਸੀਂ ਕਿਵੇਂ ਜਾਣਦੇ ਹੋ ਕਿ ਇਹ ਤਸਵੀਰ ਅਸਲ ਵਿੱਚ ਯਿਸੂ ਦੀ ਹੈ? ਇਹ ਤਸਵੀਰ ਕਿਸੇ ਹੋਰ ਦੀ ਵੀ ਹੋ ਸਕਦੀ ਹੈ ਅਤੇ ਤੁਸੀਂ ਮੋਮਬੱਤੀਆਂ ਜਗਾ ਰਹੇ ਹੋ ਅਤੇ ਇਸ 'ਤੇ ਫੁੱਲ ਚੜ੍ਹਾ ਰਹੇ ਹੋ। ਪਰਮੇਸ਼ੁਰ ਆਖਦਾ ਹੈ। *"ਤੂੰ ਆਪਣੇ ਲਈ ਉੱਕਰੀ ਹੋਈ ਮੂਰਤ ਨਾ ਬਣਾ..."* (ਬਿਵਸਥਾਸਾਰ 5:8)।

ਕਿਸੇ ਮੂਰਤੀ ਨੂੰ "ਮਸੀਹੀ" ਕਹਿਣਾ ਅਤੇ ਇਸ ਰਾਹੀਂ ਪਰਮੇਸ਼ੁਰ ਦੀ ਅਰਾਧਨਾ ਕਰਨਾ ਮਜ਼ਾਕ ਉਡਾਉਣ ਦੇ ਬਰਾਬਰ ਹੈ। ਤੁਸੀਂ ਸਿਰਫ਼ *"ਆਤਮਾ ਅਤੇ ਸਚਿਆਈ ਨਾਲ ਭਗਤੀ ਕਰਨੀ ਹੈ"* (ਯੂਹੰਨਾ 4:23,24)।

## ਪ੍ਰਸ਼ਨ 9. ਕੀ ਮੋਮਬੱਤੀ ਜਲਾਉਣਾ ਗ਼ਲਤ ਹੈ?

ਮੋਮਬੱਤੀ ਜਲਾਉਣਾ ਆਪਣੇ ਆਪ ਵਿੱਚ ਗ਼ਲਤ ਨਹੀਂ ਹੈ, ਸਿਰਫ਼ ਇੱਕ ਪ੍ਰਤੀਕ ਹੈ। ਅਸੀਂ ਅਜਿਹਾ ਕਈ ਮੌਕਿਆਂ 'ਤੇ ਕਰਦੇ ਹਾਂ ਜਦੋਂ ਬਿਜਲੀ ਬੰਦ ਹੋ ਜਾਂਦੀ ਹੈ, ਅਸੀਂ ਰੌਸ਼ਨੀ ਲਈ ਮੋਮਬੱਤੀਆਂ ਜਗਾਉਂਦੇ ਹਾਂ, ਜਨਮ ਦਿਨ 'ਤੇ, ਵਿਆਹੁਤਾ ਏਕਤਾ ਜ਼ਾਹਿਰ ਕਰਨ ਦੇ ਮੌਕਿਆਂ 'ਤੇ ਸ਼ੁੱਭ ਮੌਕਿਆਂ 'ਤੇ ਆਦਿ। ਫਿਰ ਵੀ, ਜੇ ਇਹ ਕਿਸੇ ਮੂਰਤੀ ਜਾਂ ਮੂਰਤੀ ਦੀ ਪੂਜਾ ਲਈ ਕੀਤਾ ਜਾਂਦਾ ਹੈ, ਤਾਂ ਅਸੀਂ ਸਚਿਆਈ ਦੀ ਉਲੰਘਣਾ ਕਰ ਰਹੇ ਹਾਂ ਕਿਉਂਕਿ ਅਸੀਂ ਸਚਿਆਈ ਅਤੇ ਆਤਮਾ ਨਾਲ ਉਸ ਦੀ ਭਗਤੀ ਕਰਨੀ ਹੈ (ਯੂਹੰਨਾ 4:23,24)। ਜੇ ਤੁਸੀਂ ਸੋਚਦੇ ਹੋ ਕਿ ਤੁਹਾਡੀ ਮੂਰਤੀ ਦੇ ਸਾਹਮਣੇ ਮੋਮਬੱਤੀ ਜਲਾਉਣ ਨਾਲ ਪਰਮੇਸ਼ੁਰ ਚੰਗਾ ਮਹਿਸੂਸ ਕਰੇਗਾ ਜਾਂ ਉਹ ਤੁਹਾਡੀ ਪ੍ਰਾਰਥਨਾ ਦਾ ਜਵਾਬ ਦੇਵੇਗਾ, ਕਿਉਂਕਿ ਅੱਗ ਦੀਆਂ ਲਪਟਾਂ ਤੁਹਾਡੀ ਪ੍ਰਾਰਥਨਾ ਨੂੰ ਸਵਰਗ ਤੱਕ ਲੈ ਜਾਣਗੀਆਂ, ਤਾਂ ਤੁਸੀਂ ਆਪਣੇ ਆਪ ਨਾਲ ਮਜ਼ਾਕ ਕਰ ਰਹੇ ਹੋ। ਬਾਈਬਲ ਆਤਮਾ ਅਤੇ ਸਚਿਆਈ ਨਾਲ ਪਰਮੇਸ਼ੁਰ ਦੀ ਅਰਾਧਨਾ ਕਰਨ ਲਈ ਕਹਿੰਦੀ ਹੈ, ਨਾ ਕਿ ਮੋਮਬੱਤੀ ਅਤੇ ਅੱਗ ਨਾਲ।

## ਪ੍ਰਸ਼ਨ 10. ਮੇਰੇ ਘਰ ਵਿੱਚ ਸਹਿ-ਵਸਨੀਕ / ਪਤੀ / ਪਤਨੀ ਕੋਲ ਮੂਰਤੀਆਂ ਹਨ। ਕੀ ਇਸ ਦਾ ਮੇਰੇ ਉੱਤੇ ਵੀ ਪ੍ਰਭਾਵ ਪੈ ਸਕਦਾ ਹੈ?

ਨਹੀਂ। ਬਾਈਬਲ ਕਹਿੰਦੀ ਹੈ ਕਿ ਅਸੀਂ ਦੁਸ਼ਟਾਂ ਦੇ ਦਬਦਬੇ ਵਾਲੇ ਸੰਸਾਰ ਵਿੱਚ ਰਹਿੰਦੇ ਹਾਂ (1 ਯੂਹੰਨਾ 5:18,19)। ਅਸੀਂ ਜਿੱਥੇ ਵੀ ਜਾਂਦੇ ਹਾਂ, ਦੁਸ਼ਟ ਆਤਮਾਵਾਂ ਸਾਡੇ ਆਲੇ-ਦੁਆਲੇ ਮੌਜੂਦ ਹੁੰਦੀਆ ਹਨ, ਹਾਲਾਂਕਿ ਅਸੀਂ ਉਨ੍ਹਾਂ ਨੂੰ ਦੇਖ ਨਹੀਂ ਸਕਦੇ। ਇਸ ਲਈ, ਇੱਕ ਅਜਿਹੇ ਘਰ ਵਿੱਚ ਰਹਿਣਾ ਜਿੱਥੇ ਤੁਹਾਡੇ ਨਾਲ ਰਹਿਣ ਵਾਲੇ ਵਿਅਕਤੀ ਜਾਂ ਜੀਵਨ ਸਾਥੀ ਕੋਲ ਮੂਰਤੀਆਂ ਹਨ, ਇਹ ਤੁਹਾਨੂੰ ਉਦੋਂ ਤੱਕ ਪ੍ਰਭਾਵਿਤ ਨਹੀਂ ਕਰੇਗਾ, ਜਦੋਂ ਤੱਕ ਤੁਸੀਂ ਆਪਣੇ ਆਪ ਨੂੰ ਉਸ ਵਾਇਦੇ ਨਾਲ ਸੁਰੱਖਿਅਤ ਕਰਦੇ ਹੋ, ਜੋ ਪਰਮੇਸ਼ੁਰ ਨੇ ਤੁਹਾਨੂੰ ਦਿੱਤਾ ਹੈ। ਇਸ ਲਈ ਤੁਹਾਨੂੰ ਡਰਨ ਦੀ ਲੋੜ ਨਹੀਂ ਹੈ। ਆਪਣੇ ਆਪ ਨੂੰ ਸਾਫ਼ ਰੱਖੋ, ਆਪਣੀ ਰਹਿਣ ਵਾਲੀ ਜਗ੍ਹਾ ਨੂੰ ਸਾਫ਼ ਰੱਖੋ ਅਤੇ ਤੁਸੀਂ ਤੰਦਰੁਸਤ ਹੋਵੋਗੇ। ਦੁਸ਼ਟ ਉਸ ਨੂੰ ਛੂਹ ਨਹੀਂ ਸਕਦਾ, ਜੋ ਪਰਮੇਸ਼ੁਰ ਤੋਂ ਪੈਦਾ ਹੋਇਆ ਹੈ। ਮੂਰਤੀਆਂ ਦਾ ਡਰ ਪੂਜਾ ਰਾਹੀਂ ਸ਼ਤਾਨ ਨੂੰ ਆਪਣੇ ਜੀਵਨ ਵਿੱਚ ਦਾਖ਼ਲ ਨਾ ਹੋਣ ਦਿਓ। ਯਾਦ ਰੱਖੋ ਕਿ ਜਿਹੜਾ ਤੁਹਾਡੇ ਵਿੱਚ ਹੈ ਸੋ ਓਸ ਨਾਲੋਂ ਵੱਡਾ ਹੈ ਜਿਹੜਾ ਸੰਸਾਰ ਵਿੱਚ ਹੈ (1 ਯੂਹੰਨਾ 4:4)।

## ਪ੍ਰਸ਼ਨ 11. ਕੀ ਇਹ—ਪੀੜ੍ਹੀਆਂ ਦਾ ਬੰਧਨ—ਪਰਮੇਸ਼ੁਰ ਵੱਲੋਂ ਹੈ ਜਾਂ ਇਹ ਸ਼ਤਾਨ ਦਾ ਕੰਮ ਹੈ?

ਸਮਝੋ ਕਿ ਪੁਰਖਿਆਂ ਦੁਆਰਾ ਕੀਤੇ ਗਏ ਪਾਪਾਂ, ਸੁੱਖਣਾ ਅਤੇ ਸਮਰਪਣਾਂ ਨੇ ਸ਼ਤਾਨੀ ਪ੍ਰਭਾਵ ਅਤੇ ਧਨ ਦੇ ਦਰਵਾਜ਼ੇ ਖੋਲ੍ਹ ਦਿੱਤੇ। ਪੂਰੀ ਬਾਈਬਲ ਵਿੱਚ ਅਜਿਹੀਆਂ ਆਇਤਾਂ ਹਨ ਜਿੱਥੇ ਪਰਮੇਸ਼ੁਰ ਕਹਿੰਦਾ ਹੈ ਕਿ “ਉਹ ਕੁਝ ਕਰਦਾ ਹੈ” ਜਾਂ “ਬੀਮਾਰੀ ਭੇਜਦਾ ਹੈ,” ਬੋਲ਼ਾ ਅਤੇ ਕਰ ਦੇਵੇਗਾ ਗੂੰਗਾ ਬਣਾ ਦੇਵੇਗਾ ਜਾਂ ਦੁਸ਼ਟ ਆਤਮਾਵਾਂ ਨੂੰ ਭੇਜੇਗਾ। ਪਰ ਪੂਰੀ ਬਾਈਬਲ ਦਾ ਅਧਿਐਨ ਕਰਨ ਤੋਂ ਬਾਅਦ, ਇਸ ਦਾ ਸਹੀ ਅਰਥ ਇਹ ਹੈ ਕਿ ਪਰਮੇਸ਼ੁਰ ਇਹ "ਸਭ ਕੁਝ" ਖ਼ੁਦ ਨਹੀਂ ਕਰਦਾ। ਇਹ ਸ਼ਤਾਨ ਦਾ ਕੰਮ ਹੈ।

ਪਰਮੇਸ਼ੁਰ ਕੋਲ ਇੱਕ ਪ੍ਰਬੰਧ ਹੈ ਜਿਸ ਦੁਆਰਾ ਉਹ ਹਰ ਮਨੁੱਖ ਨੂੰ ਰੱਖਦਾ ਹੈ। ਯਿਸੂ ਨੇ ਕਿਹਾ ਸੀ ਕਿ ਪਰਮੇਸ਼ੁਰ ਉਸ ਦੇ ਸੂਰਜ ਨੂੰ ਭਲੇ ਅਤੇ ਬੁਰੇ ਦੋਵਾਂ ‘ਤੇ ਚਮਕਾਉਂਦਾ ਹੈ ਅਤੇ ਮੀਂਹ ਭਲੇ ਅਤੇ ਬੁਰੇ ਦੋਵਾਂ ‘ਤੇ ਬਰਸਾਉਂਦਾ ਹੈ। ਫਿਰ ਵੀ ਜਦੋਂ ਕੋਈ ਵਿਅਕਤੀ ਪਰਮੇਸ਼ੁਰ ਦੀ ਇੱਛਾ ਜਾਂ ਕਾਨੂੰਨ ਦੀ ਉਲੰਘਣਾ ਕਰਦਾ ਹੈ, ਤਾਂ ਉਹ ਜਾਣਬੁੱਝ ਕੇ ਉਸ ਖੇਤਰ ਵਿੱਚ ਜਾਂਦਾ ਹੈ ਜਿੱਥੇ ਸ਼ਤਾਨ ਉਸ ਨੂੰ ਨੁਕਸਾਨ, ਨਾਸ ਅਤੇ ਤਬਾਹੀ ਵੱਲ ਲੈ ਜਾਂਦਾ ਹੈ। ਤੁਸੀਂ ਇਸ ਹਾਲਾਤ ਲਈ ਪਰਮੇਸ਼ੁਰ ਨੂੰ ਦੋਸ਼ੀ ਨਹੀਂ ਠਹਿਰਾ ਸਕਦੇ। ਮਨੁੱਖ ਦੇ ਕੰਮਾਂ ਦੇ ਨਤੀਜ਼ੇ ਉਸ ਨੂੰ ਪਰਮੇਸ਼ੁਰ ਦੇ ਪ੍ਰਬੰਧ ਦੀ ਰੱਖਿਆ ਤੋਂ ਬਾਹਰ ਲਿਜਾਣ ਲਈ ਜ਼ਿੰਮੇਵਾਰ ਹਨ। ਇਸ ਤਰ੍ਹਾਂ ਉਹ ਸ਼ਤਾਨ ਦੇ ਪ੍ਰਭਾਵ, ਰਾਜ ਅਤੇ ਦਬਾਓ ਨੂੰ ਆਪਣੇ ਜੀਵਨ ਵਿੱਚ ਆਉਣ ਦਿੰਦਾ ਹੈ। ਪਰਮੇਸ਼ੁਰ ਲੋਕਾਂ ਨੂੰ ਆਪਣੇ ਫੈਸਲੇ ਲੈਣ ਅਤੇ ਆਪਣੀ ਮਰਜ਼ੀ ਨਾਲ ਕੰਮ ਕਰਨ ਦਿੰਦਾ ਹੈ। ਆਮ ਤੌਰ ‘ਤੇ, ਲੋਕ ਉਹ ਰਾਹ ਚੁਣਦੇ ਹਨ, ਜਿੱਥੇ ਸ਼ਤਾਨ ਉਨ੍ਹਾਂ ਨੂੰ ਗੁਲਾਮੀ ਵਿੱਚ ਰੱਖਦਾ ਹੈ। ਪਰਮੇਸ਼ੁਰ ਨੇ ਇਹ ਕਹਿ ਕੇ ਆਪਣੀ ਪਹਿਚਾਣ ਜ਼ਾਹਿਰ ਕੀਤੀ ਹੈ, *“ਮੈਂ ਤੇਰਾ ਚੰਗਾ ਕਰਨ ਵਾਲਾ ਪਰਮੇਸ਼ੁਰ ਹਾਂ।”* ਉਸ ਨੇ ਕਿਤੇ ਵੀ ਇਹ ਨਹੀਂ ਕਿਹਾ, “ਮੈਂ ਤੇਰਾ ਬਿਮਾਰ ਕਰਨ ਵਾਲਾ ਪਰਮੇਸ਼ੁਰ ਹਾਂ”। ਅੱਜ ਦੀ ਭਾਸ਼ਾ ਵਿੱਚ, ਇਹ ਕਿਹਾ ਜਾ ਸਕਦਾ ਹੈ ਕਿ ਉਹ ਤੁਹਾਡਾ “ਡਾਕਟਰ” ਹੈ।

ਸਰਲ ਸ਼ਬਦਾਂ ਵਿੱਚ, ਜਦੋਂ ਤੁਸੀਂ ਬਿਮਾਰ ਹੁੰਦੇ ਹੋ, ਤਾਂ ਕੀ ਤੁਸੀਂ ਡਾਕਟਰ ਕੋਲ ਇਹ ਕਹਿੰਦੇ ਹੋਏ ਜਾਂਦੇ ਹੋ, “ਡਾਕਟਰ! ਜੇ ਅੱਜ ਤੁਹਾਡੀ ਪਵਿੱਤਰ ਇੱਛਾ ਹੈ। ਜੇ ਤੁਸੀਂ ਅੱਜ ਲੋਕਾਂ ਨੂੰ ਠੀਕ ਕਰਨ ਦੇ ਮੂਡ ਵਿੱਚ ਹੋ ਅਤੇ ਜੇ ਤੁਸੀਂ ਖੁਸ਼

ਹੋ। ਤਾਂ ਇਸ ਲਈ ਕਿਰਪਾ ਕਰਕੇ ਪਤਾ ਕਰੋ ਕਿ ਮੇਰੇ ਵਿੱਚ ਕੀ ਕਮੀ ਹੈ ਅਤੇ ਮੈਨੂੰ ਠੀਕ ਕਰਨ ਲਈ ਕੁਝ ਕਰੋ?" ਜਦੋਂ ਅਸੀਂ ਡਾਕਟਰ ਕੋਲ ਜਾਂਦੇ ਹਾਂ, ਤਾਂ ਸਾਨੂੰ ਪੂਰਾ ਵਿਸ਼ਵਾਸ ਹੁੰਦਾ ਹੈ ਕਿ ਉਹ ਸਾਨੂੰ ਠੀਕ ਕਰਨ ਲਈ ਆਪਣੀ ਯੋਗਤਾ ਅਤੇ ਗਿਆਨ ਅਨੁਸਾਰ ਸਭ ਕੁਝ ਕਰੇਗਾ ਅਤੇ ਨਾ ਕੀ ਸਾਨੂੰ ਬਿਮਾਰ ਕਰੇਗਾ। ਪਰ ਪਰਮੇਸ਼ੁਰ ਨਾਲ ਸਾਡੇ ਰਿਸ਼ਤੇ ਵਿੱਚ ਦੋਹਰਾ ਮਾਪਦੰਡ ਹੈ ਜਿਸ ਨੇ ਕਿਹਾ ਸੀ, "ਮੈਂ, ਯਹੋਵਾਹ ਰਾਫਾ (ਤੇਰਾ ਚੰਗਾ ਕਰਨ ਵਾਲਾ, ਤੇਰਾ ਚੰਗਾ ਡਾਕਟਰ), ਯਹੋਵਾਹ ਯਿਰਹੇ (ਤੁਹਾਡੇ ਲਈ ਪ੍ਰਬੰਧ ਕਰਨ ਵਾਲਾ), ਯਹੋਵਾਹ ਨਿਸੀ (ਜੋ ਤੁਹਾਨੂੰ ਜਿੱਤ ਦਿੰਦਾ ਹੈ), ਤੁਹਾਡਾ ਰੱਖਿਅਕ, ਮੈਂ ਤੇਰੀ ਧਾਰਮਿਕਤਾ" ਅਤੇ ਉਸ ਨੂੰ "ਕਹੋ ਕਿ ਤੁਹਾਨੂੰ ਠੀਕ ਕਰੇ" ਜੇ ਤੁਹਾਡੀ ਕੋਈ ਪਵਿੱਤਰ ਇੱਛਾ ਹੈ ਤਾਂ ਮੈਨੂੰ ਠੀਕ ਕਰੋ। ਚੰਗਾ ਕਰਨ ਅਤੇ ਬਰਕਤ ਦੇਣ ਦੀ ਪਰਮੇਸ਼ੁਰ ਦੀ ਇੱਛਾ ਹੈ। ਜਦੋਂ ਅਸੀਂ ਡਾਕਟਰ ਨਾਲ ਇਸ ਤਰ੍ਹਾਂ ਗੱਲ ਨਹੀਂ ਕਰਦੇ, ਤਾਂ ਅਸੀਂ ਪ੍ਰਭੂ ਨਾਲ ਇਸ ਤਰ੍ਹਾਂ ਗੱਲ ਕਿਉਂ ਕਰਦੇ ਹਾਂ? ਇੱਕ ਹੋਰ ਆਮ ਉਦਾਹਰਣ ਇਹ ਹੈ ਕਿ ਪਰਮੇਸ਼ੁਰ ਸਾਰੇ ਲੋਕਾਂ ਨੂੰ ਸਵਰਗ ਵਿੱਚ ਆਉਣ ਦਾ ਸੱਦਾ ਦਿੰਦਾ ਹੈ ਨਾ ਕਿ ਨਰਕ ਵਿੱਚ, ਫਿਰ ਵੀ ਲੋਕ ਨਰਕ ਨੂੰ ਚੁਣਦੇ ਹਨ ਨਾ ਕਿ ਸਵਰਗ ਨੂੰ। ਪਰਮੇਸ਼ੁਰ ਉਨ੍ਹਾਂ ਨੂੰ ਉੱਥੇ ਨਹੀਂ ਭੇਜਦਾ ਅਤੇ ਇਸ ਲਈ ਉਸ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ। ਇਸ ਲਈ, ਪਰਮੇਸ਼ੁਰ ਪੀੜ੍ਹੀ ਦੇ ਬੰਧਨ ਨਹੀਂ ਲਿਆਉਂਦਾ। ਸਾਡੇ ਆਪਣੇ ਪਾਪੀ ਕੰਮਾਂ ਦੇ ਕਾਰਨ ਸ਼ਤਾਨ ਦਾ ਕੰਮ ਹੈ।

# 7
# ਤਿਆਰੀ

- ਪੂਜਾ ਦੀਆਂ ਵਸਤੂਆਂ ਨੂੰ ਹਟਾਓ ਜੋ ਪੂਜਾ ਲਈ ਵਰਤੀਆਂ ਗਈਆਂ ਸਨ ਜਾਂ ਵਰਤੀਆਂ ਜਾ ਰਹੀਆਂ ਹਨ। ਜਦੋਂ ਸ਼ੱਕ ਹੋਵੇ, ਤਾਂ ਉਨ੍ਹਾਂ ਨੂੰ ਹਟਾ ਦਿਓ।
- ਕਿਸੇ ਵੀ ਕਿਸਮ ਦੀਆਂ ਗ਼ਲਤ ਸਿੱਖਿਆਵਾਂ ਨੂੰ ਛੱਡ ਦਿਓ ਜੋ—ਸੰਮੋਹਨ-ਵਿੱਦਿਆ, ਜਾਦੂ-ਟੂਣਾ, ਜੋਤਿਸ਼-ਵਿੱਦਿਆ, ਟੇਵੇ, ਮਨ ਨੂੰ ਪੜ੍ਹਨਾ, ਅੰਕ-ਵਿੱਦਿਆ, ਹੱਥ ਵੇਖਣਾ, ਤਵੀਤ, ਰਾਸ਼ੀ ਜੰਤਰ ਅਤੇ ਭਾਰੀ ਧਾਤੂ ਜਾਂ ਰੌਕ ਸੰਗੀਤ ਜੋ ਕੁਧਰਮ ਨੂੰ ਉਤਸ਼ਾਹਤ ਕਰਦਾ ਹੈ।
- ਝੂਠੇ ਧਰਮਾਂ (ਜਹੋਵਾਹ ਵਿਟਨੈੱਸ, ਫ੍ਰੀਮੈਸਨਰੀ), ਵਿਚਾਰਾਂ, ਝੂਠੇ ਦੇਵਤਿਆਂ ਦੀ ਪੂਜਾ ਅਤੇ ਫ਼ਲਸਫ਼ਿਆਂ ਵਿੱਚ ਸ਼ਾਮਲ ਹੋਣ ਤੋਂ ਪਰਹੇਜ਼ ਕਰੋ, ਜੋ ਪਰਮੇਸ਼ੁਰ ਦੇ ਵਚਨ ਦੇ ਉਲਟ ਹਨ।
- ਯਿਸੂ ਨੇ ਸਲੀਬ ‘ਤੇ ਜੋ ਕੁਝ ਪੂਰਾ ਕੀਤਾ ਹੈ, ਉਸ ‘ਤੇ ਵਿਸ਼ਵਾਸ ਕਰੋ, ਭਾਵੇਂ ਤੁਹਾਡੇ ਪੁਰਖਿਆਂ ਨੇ ਕੁਝ ਵੀ ਕੀਤਾ ਹੋਵੇ। ਮਸੀਹ ਨਾਲ ਜੁੜੇ ਰਹਿਣ ਦਾ ਸੰਕਲਪ ਲਓ।
- ਪਰਮੇਸ਼ੁਰ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਦੇ ਅਧੀਨ ਹੋਵੋ।
- ਜੇ ਤੁਸੀਂ ਬਰਕਤ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਆਪਣੇ ਦਸਵੰਧ ਅਤੇ ਦਾਨ ਪਰਮੇਸ਼ੁਰ ਨੂੰ ਦਿਓ।
- ਉਸ ਦੇ ਵਚਨ ਦੀ ਪਾਲਣਾ ਕਰੋ ਅਤੇ ਪਵਿੱਤਰ ਜੀਵਨ ਜੀਓ।
- ਪਵਿੱਤਰ ਆਤਮਾ ਨੂੰ ਕਹੋ ਕਿ ਉਹ ਤੁਹਾਨੂੰ ਉਹ ਚੀਜ਼ਾਂ ਦਿਖਾਵੇ ਜਿੱਥੇ ਤੁਸੀਂ ਅਤੇ ਤੁਹਾਡੇ ਪੁਰਖੇ ਗੁਲਾਮੀ ਵਿੱਚ ਸਨ, ਉਨ੍ਹਾਂ ਨੂੰ ਲਿਖੋ ਅਤੇ ਉਨ੍ਹਾਂ ਬੰਧਨਾਂ ਨੂੰ ਤੋੜਨ ਲਈ ਹੇਠਾਂ ਲਿਖੀ ਪ੍ਰਾਰਥਨਾ ਕਰੋ।

# ੪
# ਪ੍ਰਾਰਥਨਾ

*ਪਿਆਰੇ ਪ੍ਰਭੂ ਯਿਸੂ,*

*ਮੇਰਾ ਵਿਸ਼ਵਾਸ ਹੈ ਕਿ ਤੁਸੀਂ ਮੇਰੇ ਲਈ ਸਲੀਬ 'ਤੇ ਮਰ ਗਏ। ਤੁਸੀਂ ਸਲੀਬ 'ਤੇ ਆਪਣਾ ਲਹੂ ਵਹਾਇਆ ਤਾਂ ਜੋ ਮੈਂ ਸ਼ਤਾਨ ਦੀ ਹਰ ਸ਼ਕਤੀ ਤੋਂ ਅਜ਼ਾਦ ਹੋ ਸਕਾਂ। ਤੁਹਾਡਾ ਲਹੂ ਮੈਨੂੰ ਵਿਅਰਥ ਜੀਵਨ ਅਤੇ ਅਸ਼ੁੱਧ ਜੀਵਨ ਤੋਂ ਮੁਕਤ ਕਰਨ ਲਈ ਵਹਾਇਆ ਗਿਆ ਸੀ ਜੋ ਮੇਰੇ ਪੁਰਖਿਆਂ ਨੂੰ ਵਿਰਾਸਤ ਵਿੱਚ ਮਿਲਿਆ ਸੀ। ਤੁਸੀਂ ਮੇਰੇ ਲਈ ਜੋ ਕੰਮ ਕੀਤਾ ਹੈ ਉਸ ਕਾਰਨ ਅੱਜ ਮੈਂ ਪੂਰੀ ਅਜ਼ਾਦੀ ਦਾ ਦਾਅਵਾ ਕਰਦਾ ਹਾਂ।*

*ਮੈਂ ਆਪਣੀ ਜ਼ਿੰਦਗੀ ਦੇ ਹਰ ਪਾਪ ਅਤੇ ਬਗ਼ਾਵਤ ਲਈ ਪਸ਼ਚਾਤਾਪ ਕਰਦਾ ਹਾਂ। ਮੈਂ ਆਪਣੇ ਪਾਪ ਅਤੇ ਬਗਾਵਤ ਦੇ ਨਤੀਜਿਆਂ ਤੋਂ ਅਜ਼ਾਦੀ ਕਬੂਲ ਕਰਦਾ ਹਾਂ।*

*ਮੈਂ ਆਪਣੇ ਪੁਰਖਿਆਂ ਦੇ ਜੀਵਨ ਦੇ ਪਾਪਾਂ ਅਤੇ ਬਗਾਵਤਾਂ ਦਾ ਪਸ਼ਚਾਤਾਪ ਕਰਦਾ ਹਾਂ ਅਤੇ ਉਨ੍ਹਾਂ ਨੂੰ ਤਿਆਗਦਾ ਹਾਂ। ਮੈਂ ਪਾਪ ਅਤੇ ਬਗ਼ਾਵਤ ਦੇ ਨਤੀਜ਼ਿਆਂ ਤੋਂ ਆਪਣੀ ਅਜ਼ਾਦੀ ਨੂੰ ਕਬੂਲ ਕਰਦਾ ਹਾਂ।*

*ਯਿਸੂ ਮਸੀਹ ਦੇ ਨਾਮ ਅਤੇ ਉਸ ਦੇ ਲਹੂ ਦੀ ਸ਼ਕਤੀ ਵਿੱਚ, ਮੈਂ ਹਰ ਬੰਧਨ ਅਤੇ ਸਰਾਪ ਉੱਤੇ ਸ਼ਕਤੀ ਲੈਂਦਾ ਹਾਂ ਜੋ ਮੇਰੇ ਪੁਰਖਿਆਂ ਦੁਆਰਾ ਮੈਨੂੰ ਦਿੱਤਾ ਗਿਆ ਹੈ। ਮੈਂ ਹਰ ਬੰਧਨ ਨੂੰ ਤੋੜਦਾ ਹਾਂ ਅਤੇ ਹਰ ਸਰਾਪ ਅਤੇ ਇਸ ਦੇ ਪ੍ਰਭਾਵ ਨੂੰ ਰੱਦ ਕਰਦਾ ਹਾਂ।*

*ਮੈਂ ਉਨ੍ਹਾਂ ਸਾਰੀਆਂ ਸੁੱਖਣਾਂ, ਸਰਾਪਾਂ, ਸਮਰਪਣਾਂ, ਪਾਪੀ ਕੰਮਾਂ, ਡਰਾਂ, ਸਮਝੌਤਿਆਂ, ਅਧਿਕਾਰਾਂ ਨੂੰ ਰੱਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਪਿਤਾ ਜਾਂ ਮੇਰੀ ਮਾਂ ਦੀ ਪਰਿਵਾਰਕ ਵੰਸਾਂਵਲੀ ਰਾਹੀਂ ਜਾਂ ਹੋਰ ਲੋਕਾਂ ਜਾਂ ਸਵੈ-ਘੋਸ਼ਿਤ ਸਰਾਪਾਂ ਰਾਹੀਂ ਸ਼ਤਾਨ ਲਈ ਦਰਵਾਜ਼ਾ ਖੋਲ੍ਹਿਆ ਸੀ।*

*ਯਿਸੂ ਦੇ ਨਾਮ ਅਤੇ ਮਸੀਹ ਦੇ ਲਹੂ ਦੀ ਸਮਰੱਥ ਦੁਆਰਾ ਮੈਂ ਦੁਸ਼ਮਣ ਦੀ ਹਰ ਸ਼ਕਤੀ ਅਤੇ ਪ੍ਰਭਾਵ ਨੂੰ ਤੋੜਦਾ ਹਾਂ, ਜਿਸ ਨੇ ਮੇਰੇ ਜੀਵਨ ਨੂੰ ਪ੍ਰਭਾਵਿਤ ਕੀਤਾ ਹੈ।*

*ਮੈਂ ਅਜ਼ਾਦ ਹਾਂ, ਕਿਉਂਕਿ ਯਿਸੂ ਨੇ ਮੈਨੂੰ ਅਜ਼ਾਦ ਕੀਤਾ ਹੈ!*

# ਕੀ ਤੁਸੀਂ ਉਸ ਪਰਮੇਸ਼ੁਰ ਨੂੰ ਜਾਣਦੇ ਹੋ ਜਿਹੜਾ ਤੁਹਾਨੂੰ ਪਿਆਰ ਕਰਦਾ ਹੈ?

ਲੱਗਭੱਗ 2000 ਸਾਲ ਪਹਿਲਾਂ, ਪਰਮੇਸ਼ੁਰ ਮਨੁੱਖ ਦੇ ਰੂਪ ਵਿੱਚ ਇਸ ਸੰਸਾਰ ਵਿੱਚ ਆਇਆ ਸੀ। ਉਸਦਾ ਨਾਮ ਯਿਸੂ ਹੈ। ਉਹ ਪੂਰੀ ਤਰ੍ਹਾਂ ਪਾਪ ਰਹਿਤ ਜੀਵਨ ਬਤੀਤ ਕਰਦਾ ਸੀ, ਕਿਉਂਕਿ ਯਿਸੂ ਮਨੁੱਖੀ ਸਰੀਰ ਵਿੱਚ ਪਰਮੇਸ਼ੁਰ ਸੀ, ਜੋ ਉਸਨੇ ਕਿਹਾ ਅਤੇ ਕੀਤਾ ਉਸ ਦੁਆਰਾ ਸਾਡੇ ਵਿਚਕਾਰ ਪਰਮੇਸ਼ੁਰ ਨੂੰ ਪ੍ਰਗਟ ਕਰਦਾ ਸੀ। ਉਸ ਨੇ ਜੋ ਸ਼ਬਦ ਬੋਲੇ, ਉਹ ਖ਼ੁਦ ਪਰਮੇਸ਼ੁਰ ਦੇ ਸ਼ਬਦ ਸਨ। ਉਨ੍ਹਾਂ ਨੇ ਜੋ ਕੰਮ ਕੀਤਾ ਉਹ ਪਰਮੇਸ਼ੁਰ ਦਾ ਕੰਮ ਸੀ। ਯਿਸੂ ਨੇ ਇਸ ਧਰਤੀ ਉੱਤੇ ਬਹੁਤ ਸਾਰੇ ਚਮਤਕਾਰ ਕੀਤੇ। ਉਸ ਨੇ ਬਿਮਾਰਾਂ ਅਤੇ ਦੁਖੀਆਂ ਨੂੰ ਚੰਗਾ ਕੀਤਾ। ਅੰਨ੍ਹਿਆਂ ਨੂੰ ਅੱਖਾਂ ਦਿੱਤੀਆਂ, ਬੋਲਿਆਂ ਦੇ ਕੰਨ ਖੋਲ੍ਹੇ, ਲੰਗੜਿਆਂ ਨੂੰ ਚਲਾਇਆ ਅਤੇ ਹਰ ਤਰ੍ਹਾਂ ਦੀ ਬਿਮਾਰੀ ਅਤੇ ਰੋਗ ਨੂੰ ਚੰਗਾ ਕੀਤਾ। ਉਸ ਨੇ ਚਮਤਕਾਰੀ ਢੰਗ ਨਾਲ ਕਈਆਂ ਨੂੰ ਰੋਟੀਆਂ ਨਾਲ ਖੁਆਇਆ। ਤੂਫਾਨ ਨੂੰ ਸ਼ਾਂਤ ਕੀਤਾ ਅਤੇ ਹੋਰ ਬਹੁਤ ਸਾਰੇ ਅਦਭੁੱਤ ਕੰਮ ਕੀਤੇ।

**ਇਹ ਸਾਰੀਆਂ ਕਾਰਵਾਈਆਂ ਸਾਡੇ 'ਤੇ ਪ੍ਰਗਟ ਕਰਦੀਆਂ ਹਨ ਕਿ ਪਰਮੇਸ਼ੁਰ ਇੱਕ ਚੰਗਾ ਪਰਮੇਸ਼ੁਰ ਹੈ ਜੋ ਚਾਹੁੰਦਾ ਹੈ ਕਿ ਇਨਸਾਨ ਚੰਗੇ, ਸਿਹਤਮੰਦ ਅਤੇ ਖੁਸ਼ ਰਹਿਣ। ਪਰਮੇਸ਼ੁਰ ਮਨੁੱਖ ਦੀਆਂ ਸਾਰੀਆਂ ਲੋੜਾਂ ਪੂਰੀਆਂ ਕਰਨਾ ਚਾਹੁੰਦਾ ਹੈ।**

ਪਰਮੇਸ਼ੁਰ ਨੇ ਮਨੁੱਖ ਦੇ ਰੂਪ ਵਿੱਚ ਇਸ ਧਰਤੀ ਉੱਤੇ ਆਉਣ ਦਾ ਫੈਸਲਾ ਕਿਉਂ ਕੀਤਾ? ਯਿਸੂ ਇਸ ਸੰਸਾਰ ਵਿੱਚ ਕਿਉਂ ਆਇਆ?

ਅਸੀਂ ਸਾਰਿਆਂ ਨੇ ਪਾਪ ਕੀਤਾ ਹੈ ਅਤੇ ਉਹ ਕੰਮ ਕੀਤੇ ਹਨ ਜਿਹੜੇ ਉਸ ਪਰਮੇਸ਼ੁਰ ਦੇ ਅੱਗੇ ਮਨਜ਼ੂਰ ਨਹੀਂ ਹਨ ਜਿਸਨੇ ਸਾਨੂੰ ਬਣਾਇਆ ਹੈ। ਪਾਪ ਦੇ ਨਤੀਜੇ ਹਨ, ਪਾਪ ਪਰਮੇਸ਼ੁਰ ਅਤੇ ਸਾਡੇ ਵਿਚਕਾਰ ਇੱਕ ਵੱਡੀ ਕੰਧ ਖੜ੍ਹੀ ਕਰਦਾ ਹੈ। ਪਾਪ ਸਾਨੂੰ ਪਰਮੇਸ਼ੁਰ ਤੋਂ ਵੱਖ ਕਰਦਾ ਹੈ। ਇਹ ਸਾਨੂੰ ਉਸ ਨੂੰ ਜਾਣਨ ਅਤੇ ਉਸ ਨਾਲ ਇੱਕ ਅਰਥਪੂਰਨ ਰਿਸ਼ਤਾ ਰੱਖਣ ਤੋਂ ਰੋਕਦਾ ਹੈ ਜਿਸਨੇ ਸਾਨੂੰ ਬਣਾਇਆ ਹੈ। ਇਸ ਲਈ, ਸਾਡੇ ਵਿੱਚੋਂ ਬਹੁਤ ਸਾਰੇ ਇਸ ਖਾਲੀ ਥਾਂ ਨੂੰ ਹੋਰ ਚੀਜ਼ਾਂ ਨਾਲ ਭਰਨਾ ਚਾਹੁੰਦੇ ਹਨ।

ਸਾਡੇ ਪਾਪ ਦਾ ਇੱਕ ਹੋਰ ਨਤੀਜਾ ਇਹ ਹੈ ਕਿ ਅਸੀਂ ਹਮੇਸ਼ਾਂ ਲਈ ਪਰਮੇਸ਼ੁਰ ਤੋਂ ਵੱਖ ਹੋ ਗਏ ਹਾਂ। ਪਰਮੇਸ਼ੁਰ ਦੀ ਅਦਾਲਤ ਵਿੱਚ, ਪਾਪ ਦੀ ਸਜ਼ਾ ਮੌਤ ਹੈ। ਮੌਤ ਪਰਮੇਸ਼ੁਰ ਤੋਂ ਸਦੀਵੀ ਵਿਛੋੜਾ ਹੈ ਜੋ ਸਾਨੂੰ ਨਰਕ ਵਿੱਚ ਬਿਤਾਉਣਾ ਪਏਗਾ।

ਪਰ ਚੰਗੀ ਖ਼ਬਰ ਇਹ ਹੈ ਕਿ ਅਸੀਂ ਪਾਪ ਤੋਂ ਮੁਕਤ ਹੋ ਸਕਦੇ ਹਾਂ ਅਤੇ ਪਰਮੇਸ਼ੁਰ ਨਾਲ ਰਿਸ਼ਤਾ ਜੋੜ ਸਕਦੇ ਹਾਂ। ਬਾਈਬਲ ਕਹਿੰਦੀ ਹੈ, ***"ਪਾਪ ਦੀ ਮਜ਼ੂਰੀ ਤਾਂ ਮੌਤ ਹੈ ਪਰ ਪਰਮੇਸ਼ੁਰ ਦੀ ਬਖ਼ਸ਼ੀਸ਼ ਮਸੀਹ ਯਿਸੂ ਸਾਡੇ ਪ੍ਰਭੂ ਦੇ ਵਿੱਚ ਸਦੀਪਕ ਜੀਵਨ ਹੈ"*** **(ਰੋਮੀਆਂ 6:23)**। ਯਿਸੂ ਨੇ ਸਾਰੀ ਦੁਨੀਆਂ ਦੇ ਪਾਪਾਂ ਦੀ ਕੀਮਤ ਅਦਾ ਕੀਤੀ ਜਦੋਂ ਉਹ ਸਲੀਬ ਉੱਤੇ ਮਰਿਆ। ਫਿਰ, ਤੀਜੇ ਦਿਨ ਉਹ ਜੀਉਂਦਾ ਹੋ ਗਿਆ ਅਤੇ ਆਪਣੇ ਆਪ ਨੂੰ

ਬਹੁਤਿਆਂ ਨੂੰ ਜੀਉਂਦਾ ਦਿਖਾਇਆ ਅਤੇ ਫਿਰ ਸਵਰਗ ਨੂੰ ਵਾਪਿਸ ਚਲਾ ਗਿਆ।

ਪਰਮੇਸ਼ੁਰ ਪਿਆਰ ਅਤੇ ਦਇਆ ਦਾ ਪਰਮੇਸ਼ੁਰ ਹੈ। ਉਹ ਨਹੀਂ ਚਾਹੁੰਦਾ ਕਿ ਕੋਈ ਵੀ ਨਰਕ ਵਿੱਚ ਨਾਸ਼ ਹੋਵੇ। ਇਸ ਲਈ, ਉਹ ਸਾਰੀ ਮਨੁੱਖਜਾਤੀ ਨੂੰ ਪਾਪ ਅਤੇ ਇਸ ਦੇ ਸਦੀਵੀ ਨਤੀਜਿਆਂ ਤੋਂ ਛੁਡਾਉਣ ਲਈ ਆਇਆ ਸੀ। ਉਹ ਪਾਪੀਆਂ ਨੂੰ ਬਚਾਉਣ ਲਈ ਆਇਆ ਸੀ—ਤੁਹਾਡੇ ਅਤੇ ਮੇਰੇ ਵਰਗੇ ਲੋਕਾਂ ਨੂੰ ਪਾਪ ਅਤੇ ਸਦੀਵੀ ਮੌਤ ਤੋਂ ਬਚਾਉਣ ਲਈ ਆਇਆ ਸੀ।

ਪਾਪ ਦੀ ਮੁਫ਼ਤ ਮਾਫ਼ੀ ਪ੍ਰਾਪਤ ਕਰਨ ਲਈ, ਬਾਈਬਲ ਸਾਨੂੰ ਦੱਸਦੀ ਹੈ ਕਿ ਸਾਨੂੰ ਸਿਰਫ਼ ਉਹੀ ਕਰਨਾ ਹੈ—ਜੋ ਉਸਨੇ ਸਲੀਬ ਉੱਤੇ ਕੀਤਾ ਸੀ ਅਤੇ ਉਸ ਵਿੱਚ ਆਪਣੇ ਸਾਰੇ ਦਿਲਾਂ ਨਾਲ ਵਿਸ਼ਵਾਸ ਕਰਨਾ ਹੈ।

*"... ਕਿ ਜੋ ਕੋਈ ਉਹ ਦੇ ਉੱਤੇ ਨਿਹਚਾ ਕਰੇ ਸੋ ਉਹ ਦੇ ਨਾਮ ਕਰਕੇ ਪਾਪਾਂ ਦੀ ਮਾਫ਼ੀ ਪਾਵੇਗਾ"* (ਰਸੂਲਾਂ ਦੇ ਕਰਤੱਬ 10:43)।

*"ਕਿਉਂਕਿ ਜੇ ਤੂੰ ਆਪਣੇ ਮੂੰਹ ਨਾਲ ਪ੍ਰਭੂ ਯਿਸੂ ਦਾ ਇਕਰਾਰ ਕਰੇਂ ਅਤੇ ਆਪਣੇ ਹਿਰਦੇ ਨਾਲ ਮੰਨ ਲਵੇਂ ਜੋ ਪਰਮੇਸ਼ੁਰ ਨੇ ਉਹ ਨੂੰ ਮੁਰਦਿਆਂ ਵਿੱਚੋਂ ਜਿਵਾਲਿਆ ਤਾਂ ਤੂੰ ਬਚਾਇਆ ਜਾਵੇਂਗਾ"* (ਰੋਮੀਆਂ 10:9)।

ਜੇਕਰ ਤੁਸੀਂ ਪ੍ਰਭੂ ਮਸੀਹ ਵਿੱਚ ਵਿਸ਼ਵਾਸ ਕਰਦੇ ਹੋ ਤਾਂ ਤੁਸੀਂ ਵੀ ਆਪਣੇ ਪਾਪਾਂ ਤੋਂ ਮਾਫ਼ੀ ਅਤੇ ਛੁਟਕਾਰਾ ਪਾ ਸਕਦੇ ਹੋ।

ਇਹ ਫੈਸਲਾ ਕਰਨ ਵਿੱਚ ਤੁਹਾਡੀ ਮਦਦ ਕਰਨ ਅਤੇ ਸਲੀਬ ਦੇ ਕੰਮ ਵਿੱਚ ਵਿਸ਼ਵਾਸ ਕਰਨ ਲਈ ਹੇਠਾਂ ਦਿੱਤੀ ਇੱਕ ਸਧਾਰਨ ਪ੍ਰਾਰਥਨਾ ਹੈ, ਜੋ ਪ੍ਰਭੂ ਯਿਸੂ ਮਸੀਹ ਨੇ ਤੁਹਾਡੇ ਲਈ ਕੀਤੀ ਸੀ। ਇਹ ਪ੍ਰਾਰਥਨਾ ਯਿਸੂ ਦੇ ਕੰਮ ਨੂੰ ਕਬੂਲ ਕਰਕੇ ਤੁਹਾਡੇ ਪਾਪਾਂ ਦੀ ਮਾਫ਼ੀ ਅਤੇ ਮੁਕਤੀ ਪ੍ਰਾਪਤ ਕਰਨ ਵਿੱਚ ਤੁਹਾਡੀ ਮਦਦ ਕਰੇਗੀ। ਇਹ ਪ੍ਰਾਰਥਨਾ ਸਿਰਫ਼ ਇੱਕ ਅਗਵਾਈ ਹੈ। ਤੁਸੀਂ ਆਪਣੇ ਸ਼ਬਦਾਂ ਵਿੱਚ ਵੀ ਪ੍ਰਾਰਥਨਾ ਕਰ ਸਕਦੇ ਹੋ।

*ਪਿਆਰੇ ਪ੍ਰਭੂ ਯਿਸੂ, ਅੱਜ, ਮੈਂ ਸਮਝ ਗਿਆ ਹਾਂ ਕਿ ਤੁਸੀਂ ਸਲੀਬ ਉੱਤੇ ਮੇਰੇ ਲਈ ਕੀ ਕੀਤਾ ਸੀ। ਤੁਸੀਂ ਮੇਰੇ ਲਈ ਮਾਰੇ ਗਏ, ਤੁਸੀਂ ਆਪਣਾ ਕੀਮਤੀ ਖ਼ੂਨ ਵਹਾਇਆ ਅਤੇ ਮੇਰੇ ਪਾਪਾਂ ਦੀ ਕੀਮਤ ਅਦਾ ਕੀਤੀ ਤਾਂ ਜੋ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਮਿਲ ਸਕੇ। ਬਾਈਬਲ ਮੈਨੂੰ ਦੱਸਦੀ ਹੈ ਕਿ ਜੋ ਕੋਈ ਵੀ ਤੁਹਾਡੇ ਵਿੱਚ ਵਿਸ਼ਵਾਸ ਕਰਦਾ ਹੈ ਉਸਦੇ ਲਈ ਪਾਪਾਂ ਦੀ ਮਾਫ਼ੀ ਹੈ।*

*ਅੱਜ, ਮੈਂ ਤੁਹਾਡੇ ਵਿੱਚ ਵਿਸ਼ਵਾਸ ਕਰਨ ਦਾ ਫੈਸਲਾ ਕਰਦਾ ਹਾਂ ਅਤੇ ਜੋ ਤੁਸੀਂ ਮੇਰੇ ਲਈ ਕੀਤਾ ਹੈ ਉਸਨੂੰ ਕਬੂਲ ਕਰਨ ਦਾ ਫੈਸਲਾ ਕਰਦਾ ਹਾਂ, ਕਿ ਤੁਸੀਂ ਸਲੀਬ ਉੱਤੇ ਮਰ ਗਏ ਅਤੇ ਦੁਬਾਰਾ ਜੀਅ ਉੱਠੇ। ਮੈਂ ਜਾਣਦਾ ਹਾਂ ਕਿ ਮੈਂ ਚੰਗੇ ਕੰਮਾਂ ਦੁਆਰਾ ਆਪਣੇ ਆਪ ਨੂੰ ਨਹੀਂ ਬਚਾਅ ਸਕਦਾ। ਮੈਂ ਆਪਣੇ ਗੁਨਾਹਾਂ ਦੀ ਮਾਫ਼ੀ ਨਹੀਂ ਕਮਾ ਸਕਦਾ।*

*ਅੱਜ, ਮੈਂ ਆਪਣੇ ਦਿਲ ਵਿੱਚ ਵਿਸ਼ਵਾਸ ਕਰਦਾ ਹਾਂ ਅਤੇ ਆਪਣੇ ਮੂੰਹ ਨਾਲ ਕਹਿੰਦਾ ਹਾਂ ਕਿ ਤੁਸੀਂ ਮੇਰੇ ਲਈ ਮਾਰੇ ਗਏ ਹੋ। ਤੁਸੀਂ ਮੇਰੇ ਪਾਪਾਂ ਦੀ ਸਜ਼ਾ ਦਾ ਭੁਗਤਾਨ ਕੀਤਾ ਹੈ। ਤੁਸੀਂ ਮੁਰਦਿਆਂ ਵਿੱਚੋਂ ਜੀਅ ਉੱਠੇ ਹੋ ਅਤੇ ਤੁਹਾਡੇ ਵਿੱਚ ਵਿਸ਼ਵਾਸ ਕਰਕੇ ਮੈਨੂੰ ਮੇਰੇ ਪਾਪਾਂ ਦੀ ਮਾਫ਼ੀ ਅਤੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।*

*ਪ੍ਰਭੂ ਯਿਸੂ ਤੁਹਾਡਾ ਧੰਨਵਾਦ। ਮੇਰੀ ਮਦਦ ਕਰੋ ਕਿ ਮੈਂ ਤੁਹਾਨੂੰ ਪਿਆਰ ਕਰ ਸਕਾਂ। ਤੁਹਾਨੂੰ ਹੋਰ ਜਾਣ ਸਕਾਂ ਅਤੇ ਤੁਹਾਡੇ ਪ੍ਰਤੀ ਵਿਸ਼ਵਾਸਯੋਗ ਰਹਾਂ।*

*ਆਮੀਨ।*

# ਆਲ ਪੀਪਲਜ਼ ਚਰਚ ਦੇ ਬਾਰੇ

ਆਲ ਪੀਪਲਜ਼ ਚਰਚ ਦਾ ਦਰਸ਼ਨ ਬੈਂਗਲੋਰ ਸ਼ਹਿਰ ਵਿੱਚ ਲੂਣ ਅਤੇ ਚਾਨਣ ਬਣਨਾ, ਅਤੇ ਪੂਰੇ ਦੇਸ਼ ਅਤੇ ਸੰਸਾਰ ਦੇ ਰਾਸ਼ਟਰਾਂ ਦੇ ਲਈ ਇੱਕ ਅਵਾਜ਼ ਬਣਨਾ ਹੈ।

ਆਲ ਪੀਪਲਜ਼ ਚਰਚ **ਯਿਸੂ ਨੂੰ ਪਿਆਰ ਕਰਨ ਵਾਲੀ, ਵਚਨ ‘ਤੇ ਕੇਂਦਰਿਤ,** ਆਤਮਾ ਨਾਲ ਭਰਪੂਰ, ਪਰਿਵਾਰਿਕ ਚਰਚ, ਸਿਖਲਾਈ ਕੇਂਦਰ, ਇੱਕ ਉਦੇਸ਼ਾਂ ‘ਤੇ ਅਧਾਰਿਤ ਅਤੇ ਸੰਸਾਰ ਵਿੱਚ ਪ੍ਰਚਾਰ ਕਰਨ ਵਾਲੀ ਕਲੀਸਿਆ ਹੈ।

- ਇੱਕ **ਪਰਿਵਾਰਿਕ ਕਲੀਸਿਆ** ਦੇ ਤੌਰ ‘ਤੇ, ਅਸੀਂ ਮਸੀਹ ‘ਤੇ ਕੇਂਦਰਿਤ, ਸਮਾਜ ਦੀ ਸੇਵਾ ਕਰਨ ਅਤੇ ਧਿਆਨ ਰੱਖਣ ਵਾਲੇ ਪਰਮੇਸ਼ੁਰ ਦੇ ਝੁੰਡ ਦੇ ਰੂਪ ਵਿੱਚ ਮਿਲ ਕੇ ਵੱਧ ਰਹੇ ਹਾਂ।
- ਇੱਕ **ਸਿਖਲਾਈ ਕੇਂਦਰ** ਦੇ ਤੌਰ ‘ਤੇ, ਅਸੀਂ ਹਰੇਕ ਵਿਸ਼ਵਾਸੀ ਨੂੰ ਜੇਤੂ, ਮਸੀਹ ਦੀ ਸਮਾਨਤਾ ਵਿੱਚ ਸਿਆਣੇ ਅਤੇ ਆਪਣੇ ਜੀਵਨ ਵਿੱਚ ਪਰਮੇਸ਼ੁਰ ਦੇ ਮਕਸੱਦ ਨੂੰ ਪੂਰਾ ਕਰਨ ਦੇ ਸਮਰੱਥ ਅਤੇ ਯੋਗ ਬਣਾਉਂਦੇ ਹਾਂ।
- ਇੱਕ **ਮਿਸ਼ਨ ਅਧਾਰ** ਦੇ ਤੌਰ ‘ਤੇ, ਅਸੀਂ ਸਾਡੇ ਸ਼ਹਿਰ, ਦੇਸ਼ ਅਤੇ ਵਿਦੇਸ਼ਾਂ ਨੂੰ ਪਰਮੇਸ਼ੁਰ ਦੇ ਵਚਨ ਅਤੇ ਪਵਿੱਤਰ ਆਤਮਾ ਦੇ ਅਲੌਕਿਕ ਪ੍ਰਗਟੀਕਰਣ ਦੀ ਸ਼ਕਤੀ ਦੁਆਰਾ ਮਸੀਹ ਦੀ ਪੂਰਨ ਖੁਸ਼ਖਬਰੀ ਨਾਲ ਬਰਕਤ ਦੇਣ ਦਾ ਕੰਮ ਕਰਦੇ ਹਾਂ।
- ਇੱਕ **ਵਰਲਡ ਆਊਟਰਿਚ** ਦੇ ਤੌਰ ‘ਤੇ, ਅਸੀਂ ਸਥਾਨਕ ਅਤੇ ਵਿਸ਼ਵ–ਪੱਧਰ ‘ਤੇ ਖਰ੍ਹੇ ਆਗੂਆਂ ਅਤੇ ਆਤਮਾ ਨਾਲ ਭਰਪੂਰ ਕਲੀਸਿਆਵਾਂ ਨੂੰ ਪੋਸ਼ਣ ਦੇਣ ਦੀ ਸੇਵਾ ਕਰਦੇ ਹਾਂ ਜੋ ਕਿ ਪਰਮੇਸ਼ੁਰ ਦੇ ਰਾਜ ਲਈ ਆਪਣੇ ਇਲਾਕਿਆਂ ‘ਤੇ ਪ੍ਰਭਾਵਸ਼ਾਲੀ ਹੋ ਸਕਣ।

ਏ ਪੀ ਸੀ ਵਿੱਚ, ਅਸੀਂ ਪਰਮੇਸ਼ੁਰ ਦਾ ਵਚਨ ਬਿਨ੍ਹਾਂ ਕਿਸੇ ਸਮਝੌਤੇ ਦੇ, ਪਵਿੱਤਰ ਆਤਮਾ ਦੇ ਮਸਹ ਅਤੇ ਪ੍ਰਕਾਸ਼ ਦੇ ਨਾਲ ਪੇਸ਼ ਕਰਨ ਲਈ ਸਮਰਪਿਤ ਹਾਂ। ਸਾਡਾ ਵਿਸ਼ਵਾਸ ਹੈ ਕਿ ਚੰਗਾ ਸੰਗੀਤ, ਰਚਨਾਤਮਕ ਪੇਸ਼ਗੀ, ਅਕਲਮੰਦੀ ਨਾਲ ਪੱਖ ਸਮਰਥਨ, ਸਮਕਾਲੀ ਸੇਵਕਾਈਆਂ ਦੀਆਂ ਤਕਨੀਕਾਂ, ਆਧੁਨਿਕ ਟੈਕਨਾਲੋਜੀ ਆਦਿ ਪਵਿੱਤਰ ਆਤਮਾ ਦੇ ਚਿੰਨ੍ਹਾਂ, ਚਮਤਕਾਰਾਂ, ਅਦਭੁੱਤ ਕੰਮਾਂ ਅਤੇ ਪਵਿੱਤਰ ਆਤਮਾ ਦੇ ਵਰਦਾਨਾਂ ਨਾਲ ਵਚਨ ਦੀ ਮੁਨਾਦੀ ਕਰਨ ਵਾਲੇ ਪਰਮੇਸ਼ੁਰ ਦੁਆਰਾ ਨਿਯੁਕਤ ਕੀਤੇ ਗਏ ਤਰੀਕੇ ਦਾ ਥਾਂ ਨਹੀਂ ਲੈ ਸਕਦੇ (1 ਕੁਰਿੰਥੀਆਂ 2:4,5; ਇਬਰਾਨੀਆਂ 2:3,4)। ਸਾਡਾ ਵਿਸ਼ਾ ਯਿਸੂ ਹੈ, ਸਾਡੇ ਵਿਸ਼ੇ ਦਾ ਉਦੇਸ਼ ਵਚਨ ਹੈ, ਸਾਡਾ ਤਰੀਕਾ ਪਵਿੱਤਰ ਆਤਮਾ ਦੀ ਸਮਰੱਥਾ ਹੈ, ਸਾਡਾ ਜਨੂੰਨ ਲੋਕ ਹਨ ਅਤੇ ਸਾਡਾ ਮਕਸੱਦ ਮਸੀਹ ਦੇ ਸਰੂਪ ਵਿੱਚ ਸਿੱਧ ਬਣਨਾ ਹੈ।

ਸਾਡਾ ਮੁੱਖ ਦਫ਼ਤਰ ਬੈਂਗਲੋਰ ਵਿਖੇ ਹੈ, ਪਰ ਆਲ ਪੀਪਲਜ਼ ਚਰਚ ਦੀਆਂ ਭਾਰਤ ਵਿੱਚ ਹੋਰ ਕਈ ਥਾਵਾਂ ‘ਤੇ ਸ਼ਾਖਾਵਾਂ ਹਨ। ਆਲ ਪੀਪਲਜ਼ ਚਰਚ ਦੀ ਵਰਤਮਾਨ ਸੂਚੀ ਅਤੇ ਸੰਪਰਕ ਸੂਚਨਾ ਦੇ ਲਈ, ਕਿਰਪਾ ਕਰਕੇ ਸਾਡੀ ਵੈੱਬਸਾਈਟ apcwo.org/locations ਜਾਂ ਸਾਨੂੰ contact@apcwo.org ‘ਤੇ ਈ–ਮੇਲ ਭੇਜੋ।

# ਮੁਫ਼ਤ ਪ੍ਰਕਾਸ਼ਨ

A Church in Revival
A Real Place Called Heaven
A Time for Every Purpose
Ancient Landmarks
Baptism in the Holy Spirit
Being Spiritually Minded and Earthly Wise
Biblical Attitude Towards Work
Breaking Personal and Generational Bondages
Change
Code of Honor
Divine Favor
Divine Order in the Citywide Church
Don't Compromise Your Calling
Don't Lose Hope
Equipping the Saints
Foundations (Track 1)
Fulfilling God's Purpose for Your Life
Gifts of the Holy Spirit
Giving Birth to the Purposes of God
God Is a Good God
God's Word—The Miracle Seed
How to Help Your Pastor
Integrity
Interpreting Scripture
Kingdom Builders
Laying the Axe to the Root
Living Life Without Strife
Marriage and Family
Ministering Healing and Deliverance
Offenses—Don't Take Them
Open Heavens
Our Redemption
Receiving God's Guidance
Revivals, Visitations and Moves of God
Shhh! No Gossip!
Speak Your Faith
The Conquest of the Mind
The Father's Love
The House of God
The Kingdom of God
The Mighty Name of Jesus
The Night Seasons of Life
The Power of Commitment
The Presence of God
The Redemptive Heart of God
The Refiner's Fire
The Spirit of Wisdom, Revelation and Power
The Wonderful Benefits of Praying in Tongues
Timeless Principles for the Workplace
Understanding the Prophetic
Water Baptism
We Are Different
Who We Are in Christ
Women in the Workplace
Work—Its Original Design

ਸਾਡੀਆਂ ਨਵੀਆਂ ਪੁਸਤਕਾਂ ਲਗਾਤਾਰ ਜਾਰੀ ਹੁੰਦੀਆਂ ਰਹਿੰਦੀਆਂ ਹਨ। ਪੁਸਤਕਾਂ ਨੂੰ ਪੀ ਡੀ ਐੱਫ ਆਡੀਓ ਅਤੇ ਦੂਸਰੇ ਫਾਰਮੈਟਾਂ ਵਿੱਚ ਮੁਫ਼ਤ ਪ੍ਰਾਪਤ ਕਰਨ ਦੇ ਲਈ ਸਾਡੀ ਵੈੱਬਸਾਈਟ **apcwo.org/books** ਤੋਂ ਡਾਊਨਲੋਡ ਕਰੋ। ਇਹ ਸਾਰੀਆਂ ਕਿਤਾਬਾਂ ਹੋਰ ਭਾਸ਼ਾਵਾਂ ਵਿੱਚ ਵੀ ਉਪਲੱਬਧ ਹਨ। ਮੁਫ਼ਤ ਆਡੀਓ ਅਤੇ ਵੀਡੀਓ ਪ੍ਰਚਾਰ, ਪ੍ਰਚਾਰ ਦੀਆਂ ਟਿੱਪਣੀਆਂ ਅਤੇ ਹੋਰ ਵਾਧੂ ਸਾਧਨਾਂ ਨੂੰ ਪ੍ਰਾਪਤ ਕਰਨ ਦੇ ਲਈ ਤੁਸੀਂ **apcwo.org/sermons** ਤੋਂ ਡਾਊਨਲੋਡ ਕਰ ਸਕਦੇ ਹੋ।

# ਕ੍ਰਿਸਲਿਸ ਕਾਊਂਸਲਿੰਗ

ਕ੍ਰਿਸਲਿਸ ਕਾਊਂਸਲਿੰਗ ਵਿਅਕਤੀਗਤ ਤੌਰ ‘ਤੇ ਸਲਾਹ ਮਸ਼ਵਰਾ ਦੇ ਕੇ ਲੋਕਾਂ ਦੀ ਮਦਦ ਕਰਦੀ ਹੈ ਤਾਂ ਕਿ ਉਹ ਆਪਣੀ ਜ਼ਿੰਦਗੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਅਤੇ ਉਨ੍ਹਾਂ ਉੱਪਰ ਜਿੱਤ ਪ੍ਰਾਪਤ ਕਰਨ। ਕ੍ਰਿਸਲਿਸ ਕਾਊਂਸਲਿੰਗ ਪੇਸ਼ੇਵਰ ਸਿਖਲਾਈ ਪਾਏ ਅਤੇ ਤਜ਼ਰਬੇਕਾਰ ਸਲਾਹਕਾਰਾਂ ਦੀ ਇੱਕ ਟੀਮ ਹੈ।

ਸਾਡੀਆਂ ਸੇਵਾਵਾਂ ਹਰ ਉਮਰ ਦੇ ਲੋਕਾਂ ਦੀਆਂ ਜ਼ਿੰਦਗੀਆਂ ਦੀਆਂ ਸਭ ਤਰ੍ਹਾਂ ਦੀਆਂ ਚੁਣੌਤੀਆਂ ਦਾ ਹੱਲ ਕਰਨ ਬਾਰੇ ਹਨ।

- ਕਿਸ਼ੋਰਾਂ ਲਈ
- ਵਿਅਕਤੀਗਤ ਤਬਦੀਲੀਆਂ
- ਰਿਸ਼ਤਿਆਂ ਦੀਆਂ ਚੁਣੌਤੀਆਂ
- ਵਿੱਦਿਅਕ ਘੱਟ ਪ੍ਰਾਪਤੀਆਂ
- ਕੰਮਕਾਜੀ ਮੁੱਦੇ
- ਪਰਿਵਾਰ / ਪਤੀ–ਪਤਨੀ: ਵਿਆਹ ਤੋਂ ਪਹਿਲਾਂ, ਵਿਆਹੁਤਾ
- ਮਾਪੇ / ਬੱਚੇ / ਭੈਣ–ਭਰਾ / ਹਾਣੀ
- ਵਿਹਾਰ ਵਿੱਚ ਗੜਬੜੀਆਂ
- ਸ਼ਖਸੀਅਤ ਸੰਬੰਧੀ ਗੜਬੜੀਆਂ
- ਮਨੋਵਿਗਿਆਨਿਕ / ਭਾਵਨਾਤਮਕ ਸਮੱਸਿਆਵਾਂ
- ਤਨਾਅ / ਸਦਮਾ
- ਸ਼ਰਾਬਖੋਰੀ / ਨਸ਼ਾਖੋਰੀ
- ਆਤਮਿਕ ਮੁੱਦੇ
- ਜੀਵਨ ਸਿਖਲਾਈ

ਕ੍ਰਿਸਲਿਸ ਕਾਊਂਸਲਿੰਗ ਦੀਆਂ ਸੇਵਾਵਾਂ ਪਹੁੰਚ ਯੋਗ ਅਤੇ ਕਿਫ਼ਾਇਤੀ ਹਨ।

ਸਾਡੇ ਤਜ਼ਰਬੇਕਾਰਾਂ ਨਾਲ ਮਿਲਣ ਦੀ ਸਾਰਨੀ ਲੈਣ ਲਈ:

**ਵੈੱਬਸਾਈਟ:** chrysalislife.org
**ਫੋਨ:** +91–80–25452617 ਜਾਂ (ਭਾਰਤ ਵਿੱਚ) ਟੋਲ–ਫ੍ਰੀ 1–800–300–00998
**ਈ–ਮੇਲ:** counselor@chrysalislife.org

ਕ੍ਰਿਸਲਿਸ ਕਾਊਂਸਲਿੰਗ ਆਲ ਪੀਪਲਜ਼ ਚਰਚ ਅਤੇ ਵਰਲਡ ਆਊਟਰਿਚ ਦੀ ਇੱਕ ਸੇਵਕਾਈ ਹੈ।

# ਆਲ ਪੀਪਲਜ਼ ਚਰਚ ਨਾਲ ਸਾਂਝੇਦਾਰੀ ਕਰੋ

ਆਲ ਪੀਪਲਜ਼ ਚਰਚ ਸਥਾਨਕ ਕਲੀਸਿਆ ਦੇ ਰੂਪ ਵਿੱਚ ਪੂਰੇ ਭਾਰਤ ਵਿੱਚ ਖ਼ੁਸ਼ਖਬਰੀ ਦਾ ਪ੍ਰਚਾਰ ਕਰਦੇ ਹੋਏ, ਖ਼ਾਸ ਕਰਕੇ ਉੱਤਰੀ ਭਾਰਤ ਵਿੱਚ, ਉਸ ਦੀਆਂ ਹੱਦਾਂ ਤੋਂ ਬਾਹਰ ਸੇਵਾ ਕਰਦੀ ਹੈ। ਉਸਦਾ ਖਾਸ ਉਦੇਸ਼ (ੳ) ਆਗੂਆਂ ਨੂੰ ਦ੍ਰਿੜ੍ਹ ਕਰਨਾ (ਅ) ਜਵਾਨਾਂ ਨੂੰ ਸੇਵਕਾਈ ਲਈ ਉਤਸ਼ਾਹਿਤ ਕਰਨਾ (ੲ) ਮਸੀਹ ਦੀ ਦੇਹ ਦੀ ਉੱਨਤੀ ਕਰਨਾ ਹੈ। ਜਵਾਨਾਂ ਲਈ ਕਈ ਸਿੱਖਿਆ ਸੰਮੇਲਨ, ਮਸੀਹੀ ਆਗੂਆਂ ਲਈ ਸਭਾਵਾਂ ਦਾ ਸਾਲ ਭਰ ਆਯੋਜਨ ਕੀਤਾ ਜਾਂਦਾ ਹੈ। ਇਸਦੇ ਦੌਰਾਨ ਕਿਤਾਬਾਂ ਦੀਆਂ ਕਈ ਹਜ਼ਾਰ ਕਾਪੀਆਂ ਅੰਗਰੇਜ਼ੀ ਵਿੱਚ ਅਤੇ ਹੋਰ ਕਈ ਭਾਰਤੀ ਭਾਸ਼ਾਵਾਂ ਵਿੱਚ ਬਿਨ੍ਹਾਂ ਕਿਸੇ ਮੁੱਲ ਦੇ ਵੰਡੀਆਂ ਜਾਂਦੀਆਂ ਹਨ, ਉਸ ਦੇ ਪਿੱਛੇ ਇਹ ਉਦੇਸ਼ ਹੈ ਕਿ ਵਿਸ਼ਵਾਸੀਆਂ ਨੂੰ ਵਚਨ ਅਤੇ ਆਤਮਾ ਵਿੱਚ ਤਰੱਕੀ ਪ੍ਰਦਾਨ ਕਰੇ।

ਅਸੀਂ ਤੁਹਾਨੂੰ ਸੱਦਾ ਦਿੰਦੇ ਹਾਂ ਕਿ ਇੱਕ ਸਮੇਂ ਦਾ ਦਾਨ ਭੇਜ ਕੇ ਜਾਂ ਮਹੀਨਾਵਾਰ ਆਰਥਿਕ ਦਾਨ ਭੇਜ ਕੇ ਆਰਥਿਕ ਰੂਪ ਵਿੱਚ ਸਾਡੇ ਨਾਲ ਸਾਂਝੇਦਾਰੀ ਕਰੋ। ਪੂਰੇ ਰਾਸ਼ਟਰ ਵਿੱਚ ਇਸ ਕੰਮ ਲਈ ਜੋ ਵੀ ਰਕਮ ਤੁਸੀਂ ਭੇਜ ਸਕਦੇ ਹੋ, ਉਸਦੇ ਪ੍ਰਤੀ ਅਸੀਂ ਤੁਹਾਡੇ ਧੰਨਵਾਦੀ ਰਹਾਂਗੇ।

ਤੁਸੀਂ ਆਪਣੇ ਦਾਨ ਚੈੱਕ / ਬੈਂਕ ਡ੍ਰਾਫਟ ਦੇ ਮਾਧਿਅਮ ਨਾਲ "ਆਲ ਪੀਪਲਜ਼ ਚਰਚ" ਦੇ ਨਾਮ ਉੱਤੇ ਸਾਡੇ ਦਫ਼ਤਰ ਦੇ ਪਤੇ ਉੱਤੇ ਭੇਜ ਸਕਦੇ ਹੋ ਜਾਂ ਸਾਡੇ ਬੈਂਕ ਖਾਤੇ ਦੇ ਵੇਰਵੇ ਦੀ ਵਰਤੋਂ ਕਰਕੇ ਤੁਸੀਂ ਆਪਣਾ ਯੋਗਦਾਨ ਸਿੱਧਾ ਬੈਂਕ ਵਿੱਚ ਪਾ ਸਕਦੇ ਹੋ।

**Account Name:** All Peoples Church
**Account Number:** 50200068829058
**IFSC Code:** HDFC0004367
**Bank:** HDFC Bank, 7M/308 80 Ft Rd, HRBR Layout, Kalyan Nagar, Bangalore, Karnataka-560043, India

***ਕਿਰਪਾ ਕਰਕੇ ਧਿਆਨ ਦਿਓ:*** *ਆਲ ਪੀਪਲਜ਼ ਚਰਚ ਸਿਰਫ਼ ਭਾਰਤੀ ਨਾਗਰਿਕਾਂ ਦੇ ਬੈਂਕ ਯੋਗਦਾਨ ਕਬੂਲ ਕਰਦੀ ਹੈ। ਆਪਣਾ ਯੋਗਦਾਨ ਭੇਜਦੇ ਸਮੇਂ, ਤੁਸੀਂ ਸਪੱਸ਼ਟ ਰੂਪ ਨਾਲ ਲਿਖੋ ਕਿ ਤੁਸੀਂ ਏ ਪੀ ਸੀ ਸੇਵਕਾਈ ਦੇ ਕਿਸ ਖੇਤਰ ਲਈ ਦਾਨ ਭੇਜਣਾ ਚਾਹੁੰਦੇ ਹੋ। ਹੋਰ ਜਾਣਕਾਰੀ ਲਈ ਕਿਰਪਾ ਕਰਕੇ* **apcwo.org/give** *'ਤੇ ਆਓ।*

ਇਸੇ ਤਰ੍ਹਾਂ, ਸਾਡੇ ਲਈ ਅਤੇ ਸਾਡੀ ਸੇਵਕਾਈ ਲਈ ਜਦੋਂ ਵੀ ਹੋ ਸਕੇ ਪ੍ਰਾਰਥਨਾ ਕਰਨਾ ਨਾ ਭੁੱਲੋ।

**ਧੰਨਵਾਦ, ਪਰਮੇਸ਼ੁਰ ਤੁਹਾਨੂੰ ਬਰਕਤ ਦੇਵੇ!**


## DOWNLOAD THE FREE APP!

*Search for*

"All Peoples Church Bangalore"
in the App or Google play stores.

Available on the App Store

ANDROID APP ON Google play




*A daily 5-minute video devotional.*
*A daily Bible reading and prayer guide.*
*5-minute Sermon summary.*
*Toolkit with Scriptures on various topics to build faith and information to share the Gospel.*
*Resources with sermons, sermon notes, TV programs, books, music and more.*

*IF YOU LOVE IT, TELL OTHERS ABOUT IT!*

## निःशुल्क ऐप डाउनलोड करें:

**ऐप स्टोर या प्ले स्टोर में खोजें**
**“ऑल पीपुल्स चर्च (APCWO)”/**
**All Peoples Church Hindi**

Available on the App Store

ANDROID APP ON Google Play




*विश्वास को मजबूत करने और सुसमाचार साझा करने के लिए विभिन्न विषयों पर आधारित वचनों के टूलकिट।*
*उपदेशों, टीवी कार्यक्रमों, पुस्तकों, संगीत और बहुत कुछ से भरे संसाधन।*
*अगर आपको यह पसंद आए, तो*
***दूसरों को भी इसके बारे में बताएं!***

# ਆਲ ਪੀਪਲਜ਼ ਚਰਚ ਬਾਈਬਲ ਕਾਲਜ

**apcbiblecollege.org**

ਆਲ ਪੀਪਲਜ਼ ਚਰਚ ਬਾਈਬਲ ਕਾਲਜ ਅਤੇ ਸਿਖਲਾਈ ਕੇਂਦਰ ਬੈਂਗਲੋਰ, ਭਾਰਤ ਵਿੱਚ ਆਤਮਾ ਨਾਲ ਭਰਪੂਰ, ਮਸਹ ਭਰਪੂਰ, ਕਾਰਜਕਾਰੀ ਸੇਵਕਾਈ ਵਿੱਚ ਭਾਗੀਦਾਰੀ ਦੀ ਸਿਖਲਾਈ ਅਤੇ ਸਿਧਾਂਤਕ ਤੌਰ 'ਤੇ ਸਹੀ ਅਤੇ ਪਰਮੇਸ਼ੁਰ ਦੇ ਵਚਨ ਦੇ ਬੌਧਿਕ ਸਿਧਾਂਤ ਦੇ ਨਜ਼ਰੀਏ ਤੋਂ ਪ੍ਰੇਰਣਾਦਾਇਕ ਅਧਿਐਨ ਨਾਲ ਪਵਿੱਤਰ ਆਤਮਾ ਦੀ ਅਲੌਕਿਕ ਸਮਰੱਥ ਵਿੱਚ ਸੇਵਕਾਈ ਕਰਨ ਲਈ ਤਿਆਰ ਕਰਦਾ ਹੈ। ਅਸੀਂ ਸੇਵਕਾਈ ਦੀ ਮੁਕੰਮਲ ਸ਼ਖਸੀਅਤ ਦੇ ਵਿਕਾਸ ਵਿੱਚ ਵਿਸ਼ਵਾਸ ਕਰਦੇ ਹਾਂ ਅਤੇ ਖਰਾ ਚਾਲ ਚੱਲਣ, ਪਰਮੇਸ਼ੁਰ ਦੇ ਵਚਨ ਵਿੱਚ ਡੂੰਘੀ ਨੀਂਹ ਅਤੇ ਚਿੰਨ੍ਹ ਚਮਤਕਾਰਾਂ ਅਤੇ ਅਦਭੁੱਤ ਕੰਮ 'ਤੇ ਜ਼ੋਰ ਦਿੰਦੇ ਹਾਂ, ਇਹ ਸਭ ਪ੍ਰਭੂ ਦੇ ਨਾਲ ਨਜ਼ਦੀਕੀ ਰਿਸ਼ਤੇ ਤੋਂ ਹੀ ਪ੍ਰਵਾਹ ਹੁੰਦਾ ਹੈ।

ਆਲ ਪੀਪਲਜ਼ ਚਰਚ ਬਾਈਬਲ ਕਾਲਜ (APC–BC) ਵਿੱਚ ਖਰ੍ਹੀ ਸਿੱਖਿਆ ਤੋਂ ਇਲਾਵਾ ਅਸੀਂ ਪ੍ਰਤੱਖ ਤੌਰ 'ਤੇ ਪਰਮੇਸ਼ੁਰ ਦੇ ਪ੍ਰੇਮ, ਪਵਿੱਤਰ ਆਤਮਾ ਦੇ ਮਸਹ ਅਤੇ ਹਜ਼ੂਰੀ ਅਤੇ ਪਰਮੇਸ਼ੁਰ ਦੇ ਅਲੌਕਿਕ ਕੰਮਾਂ 'ਤੇ ਜ਼ੋਰ ਦਿੰਦੇ ਹਾਂ। ਬਹੁਤ ਸਾਰੇ ਜਵਾਨ ਪੁਰਖਾਂ ਅਤੇ ਇਸਤਰੀਆਂ ਨੂੰ ਸਿਖਲਾਈ ਦੇ ਕੇ ਆਪਣੇ ਜੀਵਨਾਂ ਵਿੱਚ ਪਰਮੇਸ਼ੁਰ ਦੀ ਬੁਲਾਹਟ ਨੂੰ ਪੂਰਾ ਕਰਨ ਲਈ ਭੇਜਿਆ ਗਿਆ ਹੈ।

**ਅਸੀਂ ਤਿੰਨ ਤਰ੍ਹਾਂ ਦੀਆਂ ਡਿਗਰੀਆਂ ਦਿੰਦੇ ਹਾਂ:**

- ਇੱਕ ਸਾਲ ਦਾ ਸਰਟੀਫ਼ਿਕੇਟ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (C.Th.)
- ਦੋ ਸਾਲ ਦਾ ਡਿਪਲੋਮਾ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (Dip.Th.)
- ਤਿੰਨ ਸਾਲ ਦਾ ਗ੍ਰੈਜੂਏਸ਼ਨ ਕੋਰਸ ਥਿਓਲੋਜੀ ਐਂਡ ਕ੍ਰਿਸ਼ਚਨ ਮਨਿਸਟਰੀ (B.Th.)

ਕਲਾਸਾਂ ਹਰ ਹਫ਼ਤੇ **ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9:00 ਤੋਂ ਦੁਪਿਹਰ 12:00 ਵਜੇ ਤੱਕ** (UTC+5:30) ਲੱਗਦੀਆਂ ਹਨ। ਸਾਡੇ ਕੋਲ ਤਿੰਨ੍ਹ ਤਰ੍ਹਾਂ ਦੀਆਂ ਕਲਾਸਾਂ ਦੇ ਬਦਲ ਹਨ।

- **ਕੈਂਪਸ ਵਿੱਚ:** ਤੁਸੀਂ ਕੈਂਪਸ ਵਿੱਚ ਠਹਿਰ ਕੇ ਕਲਾਸਾਂ ਲੈ ਸਕਦੇ ਹੋ।
- **ਆਨਲਾਈਨ:** ਤੁਸੀਂ ਆਨਲਾਈਨ ਜਾ ਕੇ ਲਾਈਵ ਲੈਕਚਰ ਵੀ ਸੁਣ ਸਕਦੇ ਹੋ।
- **ਈ–ਲਰਨਿੰਗ:** ਤੁਸੀਂ apcbiblecollege.org/elearn 'ਤੇ ਆਨਲਾਈਨ ਜਾ ਕੇ ਖ਼ੁਦ ਵੀ ਪੜ੍ਹ ਸਕਦੇ ਹੋ।

**ਆਨਲਾਈਨ ਅਪਲਾਈ** ਕਰਨ ਅਤੇ ਕਾਲਜ, ਪਾਠਕ੍ਰਮ, ਯੋਗਤਾ ਫੀਸ ਬਾਰੇ ਜਾਣਕਾਰੀ ਲੈਣ ਅਤੇ ਐਪਲੀਕੇਸ਼ਨ ਫਾਰਮ ਡਾਊਨਲੋਡ ਕਰਨ ਲਈ ਕਿਰਪਾ ਕਰਕੇ apcbiblecollege.org ਵੇਖੋ।

ਕੁਝ ਲੋਕ ਜਿਨ੍ਹਾਂ ਸਮੱਸਿਆਵਾਂ ਦਾ ਸਾਹਮਣਾ ਕਰ ਰਹੇ ਹਨ, ਉਨ੍ਹਾਂ ਵਿੱਚੋਂ ਕੁਝ ਸਮੱਸਿਆਵਾਂ ਪਿੱਛਲੀਆਂ ਪੀੜ੍ਹੀਆਂ ਵਿੱਚੋਂ ਹੋ ਸਕਦੀਆਂ ਹਨ। ਇਨ੍ਹਾਂ ਵਿੱਚੋਂ ਕੁਝ ਸਮੱਸਿਆਵਾਂ ਪਿੱਛਲੀ ਪੀੜ੍ਹੀ ਦੇ ਕਿਸੇ ਅਜਿਹੇ ਵਿਅਕਤੀ ਕਰਕੇ ਹੋ ਸਕਦੀਆਂ ਹਨ ਜਿਸ ਨੇ ਪਾਪੀ ਜੀਵਨ ਬਤੀਤ ਕੀਤਾ ਹੋਵੇ ਜਾਂ ਸ਼ਤਾਨੀ ਕੰਮਾਂ ਵਿੱਚ ਰੁੱਝਿਆ ਹੋਵੇ। ਸਾਡੇ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਪੀੜ੍ਹੀਆਂ ਦੇ ਬੰਧਨ ਕੀ ਹਨ ਅਤੇ ਉਨ੍ਹਾਂ ਨੂੰ ਕਿਵੇਂ ਤੋੜਨਾ ਹੈ। ਸਾਡੀ ਅਜ਼ਾਦੀ ਸਲੀਬ ‘ਤੇ ਜਿੱਤੀ ਗਈ ਹੈ। ਯਿਸੂ ਸ਼ਤਾਨ ਦੇ ਹਰ ਕੰਮ ਨੂੰ ਨਸ਼ਟ ਕਰਨ ਆਇਆ ਸੀ ਭਾਵੇਂ ਇਹ ਸਾਡੀ ਜ਼ਿੰਦਗੀ ਵਿੱਚ ਕਿਵੇਂ ਵੀ ਆਇਆ ਹੋਵੇ।

ਇਹ ਪੁਸਤਿਕਾ ਨਿੱਜੀ ਅਤੇ ਪੀੜ੍ਹੀ ਦੇ ਬੰਧਨਾਂ ਨੂੰ ਪਛਾਣਨ ਅਤੇ ਉਨ੍ਹਾਂ ਨੂੰ ਤੋੜਨ ਅਤੇ ਅਜ਼ਾਦ ਹੋਣ ਵਿੱਚ ਸਾਡੀ ਮਦਦ ਕਰੇਗੀ! ਭਰਪੂਰ ਜੀਵਨ ਜੀਓ ਜੋ ਯਿਸੂ ਸਾਨੂੰ ਦੇਣ ਲਈ ਆਇਆ ਸੀ!

All Peoples Church & World Outreach
# 319, 2nd Floor, 7th Main, HRBR Layout,
2nd Block, Kalyan Nagar, Bangalore 560 043
Karnataka, INDIA

Phone: +91-80-25452617
Email: contact@apcwo.org
Website: apcwo.org